Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 163 | 07/11/2025 | www.samajweekly.com | samajweekly | @samajweekly | samajweekly

# ਬਿਹਾਰ ਚੋਣਾਂ: 121 ਸੀਟਾਂ ’ਤੇ 65 ਫ਼ੀਸਦ ਵੋਟਿੰਗ

## ਇੱਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਵੋਟਾਂ ਸ਼ਾਂਤਮਈ ਢੰਗ ਨਾਲ ਪਈਆਂ



**ਪਟਨਾ।** ਵੋਟਰ ਸੂਚੀਆਂ ’ਚ ਵਿਸ਼ੇਸ਼ ਸੁਧਾਈ (ਐੱਸ ਆਈ ਆਰ) ਅਤੇ ‘ਵੋਟ ਚੋਰੀ’ ਦੇ ਦੋਸ਼ਾਂ ਦਰਮਿਆਨ ਬਿਹਾਰ ਵਿਧਾਨ ਸਭਾ ਚੋਣਾਂ ਦੇ ਪਹਿਲੇ ਗੇੜ ’ਚ 121 ਸੀਟਾਂ ’ਤੇ 64.66 ਫ਼ੀਸਦ ਵੋਟਰਾਂ ਨੇ ਆਪਣੇ ਹੱਕ ਦੀ ਵਰਤੋਂ ਕੀਤੀ। ਹਿੰਸਾ ਦੀਆਂ ਮਾਮੂਲੀ ਘਟਨਾਵਾਂ ਨੂੰ ਛੱਡ ਕੇ ਵੋਟਿੰਗ ਅਮਲ ਸ਼ਾਂਤ ਰਿਹਾ। ਚੋਣ ਕਮਿਸ਼ਨ ਮੁਤਾਬਕ ਵੋਟ ਫੀਸਦ ਹੋਰ ਵਧਣ ਦੀ ਸੰਭਾਵਨਾ ਹੈ। ਦੂਜੇ ਗੇੜ ’ਚ 11 ਨਵੰਬਰ ਨੂੰ 122 ਸੀਟਾਂ ’ਤੇ ਵੋਟਾਂ ਪੈਣਗੀਆਂ ਅਤੇ ਨਤੀਜੇ 14 ਨਵੰਬਰ ਨੂੰ ਐਲਾਨੇ ਜਾਣਗੇ। ਪਿਛਲੀਆਂ ਚੋਣਾਂ ’ਚ 57.29 ਫੀਸਦ ਪੋਲਿੰਗ ਹੋਈ ਸੀ। ਮੁਜ਼ੱਫਰਪੁਰ ਜ਼ਿਲ੍ਹੇ ’ਚ ਸਭ ਤੋਂ ਵੱਧ 70.96 ਫ਼ੀਸਦ ਵੋਟਾਂ ਪਈਆਂ। ਸਮਸਤੀਪੁਰ ’ਚ 70.63 ਅਤੇ ਮਧੇਪੁਰਾ ’ਚ 67.21 ਫ਼ੀਸਦ ਵੋਟਿੰਗ ਹੋਈ। ਰਾਜਧਾਨੀ ਪਟਨਾ ’ਚ ਵੋਟਿੰਗ 57.93 ਫ਼ੀਸਦ ਰਹੀ। ਵਿਧਾਨ ਸਭਾ ਚੋਣਾਂ ਦੇ ਪਹਿਲੇ ਗੇੜ ’ਚ ਹੁਕਮਰਾਨ ਐੱਨ ਡੀ ਏ ਅਤੇ ਵਿਰੋਧੀ ਧਿਰਾਂ ਦੇ ਗੱਠਜੋੜ ‘ਇੰਡੀਆ’ ਬਲਾਕ ਵਿਚਾਲੇ ਫਸਵਾਂ ਮੁਕਾਬਲਾ ਦੇਖਣ ਨੂੰ ਮਿਲਿਆ। ਪ੍ਰਸ਼ਾਂਤ ਕਿਸ਼ੋਰ ਦੀ ਜਨ ਸੁਰਾਜ ਪਾਰਟੀ ਵੀ ਕੁਝ ਥਾਵਾਂ ’ਤੇ ਟੱਕਰ ਦੇ ਰਹੀ ਹੈ। ਆਰ ਜੇ ਡੀ ਦੇ ਤੇਜਸਵੀ ਯਾਦਵ, ਉਪ ਮੁੱਖ ਮੰਤਰੀਆਂ ਸਮਰਾਟ ਚੌਧਰੀ ਤੇ ਵਿਜੇ ਕੁਮਾਰ ਸਿਨਹਾ, ਲੋਕ ਗਾਇਕਾ ਮੈਥਿਲੀ ਠਾਕੁਰ, ਭੋਜਪੁਰੀ ਅਦਾਕਾਰ ਖੇਸਾਰੀ ਲਾਲ ਯਾਦਵ, ਜਨਸ਼ਕਤੀ ਜਨਤਾ ਦਲ ਦੇ ਤੇਜ ਪ੍ਰਤਾਪ ਯਾਦਵ, ਜੇ ਡੀ (ਯੂ) ਦੇ ਸੂਬਾ ਪ੍ਰਧਾਨ ਉਮੇਸ਼ ਕੁਸ਼ਵਾਹਾ ਤੇ ਭੋਲਾ ਯਾਦਵ ਸਮੇਤ 1314 ਉਮੀਦਵਾਰਾਂ ਦਾ ਭਵਿੱਖ ਅੱਜ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ’ਚ ਬੰਦ ਹੋ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ‘ਜੰਗਲਰਾਜ’ ਤੋਂ ਸਭ ਤੋਂ ਵੱਧ ਪੀੜਤ ਮਾਵਾਂ, ਧੀਆਂ ਅਤੇ ਭੈਣਾਂ ਸਨ ਪਰ ਅੱਜ ਇੰਝ ਜਾਪਦਾ ਹੈ ਕਿ ਉਨ੍ਹਾਂ ‘ਜੰਗਲਰਾਜ’ ਦੀ ਵਾਪਸੀ ਨੂੰ ਰੋਕਣ ਲਈ ਪੋਲਿੰਗ ਬੂਥਾਂ ਦੇ ਆਲੇ-ਦੁਆਲੇ ਕਿਲੇਬੰਦੀ ਕਰ ਦਿੱਤੀ ਹੈ। ਐੱਨ ਡੀ ਏ ਨੂੰ ਉਮੀਦ ਹੈ ਕਿ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਰਿਕਾਰਡ, 125 ਯੂਨਿਟ ਮੁਫ਼ਤ ਬਿਜਲੀ ਦੇਣ ਤੇ ਇਕ ਕਰੋੜ ਤੋਂ ਵੱਧ ਔਰਤਾਂ ਦੇ ਖਾਤਿਆਂ ’ਚ 10-10 ਹਜ਼ਾਰ ਰੁਪਏ ਤਬਦੀਲ ਕਰਨ ਨਾਲ ਸੱਤਾ ਵਿਰੋਧੀ ਲਹਿਰ ਨੂੰ ਠੱਲ੍ਹ ਪਵੇਗੀ। ਵਿਰੋਧੀ ਧਿਰ ਨੇ ਭਾਜਪਾ ਦੀ ਅਗਵਾਈ ਹੇਠਲੇ ਗੱਠਜੋੜ ਦੇ ਦਾਅਵਿਆਂ ਨੂੰ ਨਕਾਰਦਿਆਂ ਆਸ ਜਤਾਈ ਕਿ ਲੋਕ ਬਦਲਾਅ ਲਈ ਵੋਟ ਪਾਉਣਗੇ। ਆਰ ਜੇ ਡੀ ਦੇ ਪ੍ਰਧਾਨ ਲਾਲੂ ਪ੍ਰਸਾਦ ਨੇ ਐਕਸ ’ਤੇ ਕਿਹਾ, ‘‘ਜੇ ਰੋਟੀ ਨੂੰ ਤਵੇ ਤੋਂ ਨਾ ਪਲਟਿਆ ਜਾਵੇ ਤਾਂ ਉਹ ਸੜ ਜਾਂਦੀ ਹੈ। ਵੀਹ ਸਾਲ ਬਹੁਤ ਲੰਮਾ ਸਮਾਂ ਹੈ। ਨਵੇਂ ਬਿਹਾਰ ਦੀ ਉਸਾਰੀ ਲਈ ਤੇਜਸਵੀ ਸਰਕਾਰ ਜ਼ਰੂਰੀ ਹੈ।’’

# ਸੱਟੇਬਾਜ਼ੀ ਮਾਮਲੇ 'ਚ ਈਡੀ ਨੇ ਸਾਬਕਾ ਕ੍ਰਿਕਟਰਾਂ ਰੈਨਾ ਅਤੇ ਧਵਨ ਦੀਆਂ 11.4 ਕਰੋੜ ਰੁਪਏ ਦੀਆਂ ਜਾਇਦਾਦਾਂ ਕੀਤੀਆਂ ਜ਼ਬਤ

**ਨਵੀਂ ਦਿੱਲੀ।** ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਇੱਕ ਕਥਿਤ ਗੈਰ-ਕਾਨੂੰਨੀ ਸੱਟੇਬਾਜ਼ੀ ਵੈੱਬਸਾਈਟ ਦੇ ਸੰਚਾਲਨ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿੱਚ ਸਾਬਕਾ ਕ੍ਰਿਕਟਰਾਂ ਸੁਰੇਸ਼ ਰੈਨਾ ਅਤੇ ਸ਼ਿਖਰ ਧਵਨ ਦੀਆਂ 11.14 ਕਰੋੜ ਰੁਪਏ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਹਨ, ਅਧਿਕਾਰਤ ਸੂਤਰਾਂ ਨੇ ਵੀਰਵਾਰ ਨੂੰ ਦੱਸਿਆ। ਸੂਤਰਾਂ ਨੇ ਦੱਸਿਆ ਕਿ ਔਨਲਾਈਨ ਸੱਟੇਬਾਜ਼ੀ ਸਾਈਟ '1ਯਭਏਟ' ਵਿਰੁੱਧ ਮਾਮਲੇ ਵਿੱਚ ਮਨੀ ਲਾਂਡਰਿੰਗ ਰੋਕਥਾਮ ਐਕਟ (ਫੰਲ਼ਅ) ਦੇ ਤਹਿਤ ਧਵਨ ਦੀਆਂ 4.5 ਕਰੋੜ ਰੁਪਏ ਦੀਆਂ ਅਚੱਲ ਜਾਇਦਾਦਾਂ ਅਤੇ ਰੈਨਾ ਦੇ 6.64 ਕਰੋੜ ਰੁਪਏ ਦੇ ਮਿਊਚੁਅਲ ਫੰਡਾਂ ਨੂੰ ਜ਼ਬਤ ਕਰਨ ਲਈ ਇੱਕ ਅਸਥਾਈ ਆਦੇਸ਼ ਜਾਰੀ ਕੀਤਾ ਗਿਆ ਹੈ। ਸੰਘੀ ਏਜੰਸੀ ਦੀ ਜਾਂਚ ਵਿੱਚ ਪਾਇਆ ਗਿਆ ਹੈ ਕਿ ਦੋਵਾਂ ਸਾਬਕਾ ਕ੍ਰਿਕਟਰਾਂ ਨੇ ਯਭਏਟ ਅਤੇ ਇਸਦੇ ਸਹਿਯੋਗੀਆਂ ਨੂੰ "ਜਾਣਬੁੱਝ ਕੇ" ਉਤਸ਼ਾਹਿਤ ਕਰਨ ਲਈ ਵਿਦੇਸ਼ੀ ਸੰਸਥਾਵਾਂ ਨਾਲ ਸਮਝੌਤੇ ਕੀਤੇ ਸਨ। ਦੋਵਾਂ ਕ੍ਰਿਕਟਰਾਂ ਤੋਂ ਇਲਾਵਾ, ਈਡੀ ਨੇ ਆਪਣੀ ਜਾਂਚ ਦੇ





ਹਿੱਸੇ ਵਜੋਂ ਯੁਵਰਾਜ ਸਿੰਘ ਅਤੇ ਰੌਬਿਨ ਉਥੱਪਾ, ਅਦਾਕਾਰ ਸੋਨੂੰ ਸੂਦ, ਉਰਵਸ਼ੀ ਰੌਤੇਲਾ, ਮਿਮੀ ਚੱਕਰਵਰਤੀ (ਸਾਬਕਾ ਤ੍ਰਿਣਮੂਲ ਕਾਂਗਰਸ ਸੰਸਦ ਮੈਂਬਰ), ਅਤੇ ਅੰਕੁਸ਼ ਹਾਜ਼ਰਾ (ਬੰਗਾਲੀ ਅਦਾਕਾਰ) ਵਰਗੇ ਹੋਰ ਸਾਬਕਾ ਕ੍ਰਿਕਟਰਾਂ ਤੋਂ ਵੀ ਪੁੱਛਗਿੱਛ ਕੀਤੀ ਹੈ। ਕੈਰੇਬੀਅਨ ਟਾਪੂ ਕੁਰਕਾਓ ਵਿੱਚ ਰਜਿਸਟਰਡ, '1ਣਬਏਟ' ਨੂੰ ਪੋਰਟਲ ਦੁਆਰਾ ਸੱਟੇਬਾਜ਼ੀ ਉਦਯੋਗ ਵਿੱਚ 18 ਸਾਲਾਂ ਦੇ ਤਜ਼ਰਬੇ ਵਾਲੇ ਇੱਕ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਬੁੱਕਮੇਕਰ ਵਜੋਂ ਦਰਸਾਇਆ ਗਿਆ ਹੈ।

# ਗ੍ਰਿਫ਼ਤਾਰੀ ਦੇ ਕਾਰਨਾਂ ਦੀ ਲਿਖਤੀ ਜਾਣਕਾਰੀ ਦੇਣਾ ਲਾਜ਼ਮੀ: ਸੁਪਰੀਮ ਕੋਰਟ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਇੱਕ ਇਤਿਹਾਸਕ ਫੈਸਲੇ ਵਿੱਚ ਅੱਜ ਕਿਹਾ ਕਿ ਹਰੇਕ ਗ੍ਰਿਫ਼ਤਾਰ ਵਿਅਕਤੀ ਨੂੰ ਗ੍ਰਿਫ਼ਤਾਰੀ ਦੇ ਆਧਾਰ ਬਾਰੇ ਲਿਖਤੀ ਰੂਪ ਵਿੱਚ ਅਤੇ ਉਸ ਦੀ ਸਥਾਨਕ ਭਾਸ਼ਾ ਵਿੱਚ ਮੁਹੱਈਆ ਕੀਤੇ ਜਾਣੇ ਚਾਹੀਦੇ ਹਨ। ਨਿੱਜੀ ਆਜ਼ਾਦੀ ਲਈ ਸੰਵਿਧਾਨਕ ਸੁਰੱਖਿਆ ਨੂੰ ਮਜ਼ਬੂਤ ਕਰਨ ਵਾਲੇ ਫੈਸਲੇ ਵਿੱਚ ਸਰਵਉਚ ਅਦਾਲਤ ਨੇ ਕਿਹਾ ਕਿ ਗ੍ਰਿਫ਼ਤਾਰੀ ਤੋਂ ਪਹਿਲਾਂ ਜਾਂ ਤੁਰੰਤ ਬਾਅਦ ਗ੍ਰਿਫ਼ਤਾਰੀ ਦੇ ਆਧਾਰਾਂ ਬਾਰੇ ਦੱਸਣ ਨਾਲ ਅਜਿਹੀ ਗ੍ਰਿਫ਼ਤਾਰੀ ਨੂੰ ਫਰਕ ਨਹੀਂ ਹੋਵੇਗਾ। ਚੀਫ਼ ਜਸਟਿਸ ਬੀ ਆਰ ਗਵਈ ਅਤੇ ਜਸਟਿਸ ਆਗਸਟੀਨ ਜਾਰਜ ਮਸੀਹ ਦੇ ਬੈਂਚ ਨੇ ਜੁਲਾਈ 2024 ਦੀ ਹਾਈ-ਪ੍ਰੋਫਾਈਲ ਮੁੰਬਈ ਬੀਐਮਡਬਲਿਊ ਹਿੱਟ-ਐਂਡ-ਰਨ ਘਟਨਾ



ਰਾਹੀਂ ਸਾਹਮਣੇ ਆਏ ਮਿਹਿਰ ਰਾਜੇਸ਼ ਸ਼ਾਹ ਬਨਾਮ ਮਹਾਰਾਸ਼ਟਰ ਰਾਜ ਮਾਮਲੇ ਵਿੱਚ ਆਪਣਾ ਫੈਸਲਾ ਸੁਣਾਇਆ। ਜਸਟਿਸ ਮਸੀਹ ਨੇ 52 ਪੰਨਿਆਂ ਦਾ ਫੈਸਲਾ ਸੁਣਾਉਂਦਿਆਂ ਕਿਹਾ ਕਿ ਸੰਵਿਧਾਨ ਦੇ ਅਨੁਛੇਦ 22(1) ਅਧੀਨ ਸੰਵਿਧਾਨਕ ਆਦੇਸ਼ ਜੋ ਇਹ ਗਾਰੰਟੀ ਦਿੰਦਾ ਹੈ ਕਿ ਗ੍ਰਿਫ਼ਤਾਰ ਕੀਤੇ ਵਿਅਕਤੀ ਨੂੰ ਗ੍ਰਿਫ਼ਤਾਰੀ ਦੇ ਆਧਾਰਾਂ ਬਾਰੇ ਜਿੰਨੀ ਜਲਦੀ ਹੋ ਸਕੇ ਸੂਚਿਤ ਕੀਤਾ ਜਾਣਾ ਚਾਹੀਦਾ ਹੈ। ਇਹ ਇੱਕ ਪ੍ਰਕਿਰਿਆਤਮਕ ਰਸਮ ਨਹੀਂ ਹੈ ਬਲਕਿ ਨਿੱਜੀ ਆਜ਼ਾਦੀ ਦੀ ਇੱਕ ਬੁਨਿਆਦੀ ਸੁਰੱਖਿਆ ਹੈ। ਇਹ ਵੀ ਦੱਸਣਾ ਬਣਦਾ ਹੈ ਕਿ ਜ਼ਿਆਦਾਤਰ ਮਾਮਲਿਆਂ ਵਿਚ ਪੁਲੀਸ ਵਲੋਂ ਗ੍ਰਿਫਤਾਰੀ ਦੇ ਆਧਾਰ ਬਾਰੇ ਜਾਣਕਾਰੀ ਹੀ ਮੁਹੱਈਆ ਨਹੀਂ ਕਰਵਾਈ ਜਾਂਦੀ।

## ਚੌਥੇ ਟੀ-20 ਮੁਕਾਬਲੇ 'ਚ ਭਾਰਤ ਨੇ ਆਸਟਰੇਲੀਆ ਨੂੰ 48 ਦੌੜਾਂ ਨਾਲ ਹਰਾਇਆ




**ਸਿਡਨੀ।** ਭਾਰਤ ਨੇ ਵੀਰਵਾਰ ਨੂੰ ਚੌਥੇ ਟੀ-20 ਅੰਤਰਰਾਸ਼ਟਰੀ ਮੈਚ ਵਿੱਚ ਆਸਟ੍ਰੇਲੀਆ ਨੂੰ 48 ਦੌੜਾਂ ਨਾਲ ਹਰਾ ਦਿੱਤਾ। ਕੈਰਾਰਾ ਓਵਲ ਵਿੱਚ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ, ਭਾਰਤ ਨੇ ਨਿਰਧਾਰਤ 20 ਓਵਰਾਂ ਵਿੱਚ 8 ਵਿਕਟਾਂ ਦੇ ਨੁਕ-ਸਾਨ 'ਤੇ 167 ਦੌੜਾਂ ਬਣਾਈਆਂ। ਜਵਾਬ ਵਿੱਚ ਆਸਟ੍ਰੇਲੀਆ ਦੀ ਟੀਮ 18.2 ਓਵਰਾਂ ਵਿੱਚ 119 ਦੌੜਾਂ 'ਤੇ ਢੇਰ ਹੋ ਗਈ। ਭਾਰਤ ਵੱਲੋਂ ਸਭ ਤੋਂ ਵੱਧ 46 ਦੌੜਾਂ ਉਪ ਕਪਤਾਨ ਸ਼ੁਭਮਨ ਗਿੱਲ ਨੇ ਬਣਾਈਆਂ। ਮਿਚੇਲ ਮਾਰਸ਼ ਨੇ ਸਭ ਤੋਂ ਵੱਧ 30 ਦੌੜਾਂ ਬਣਾਈਆਂ। ਵਾਸ਼ਿੰਗਟਨ ਸੁੰਦਰ ਨੇ 3, ਅਕਸ਼ਰ ਪਟੇਲ, ਸ਼ਿਵਮ ਦੂਬੇ ਨੇ 2-2 ਵਿਕਟਾਂ ਹਾਸਲ ਕੀਤੀਆਂ। ਇਸ ਦੇ ਨਾਲ, ਭਾਰਤ ਨੇ ਪੰਜ ਮੈਚਾਂ ਦੀ ਟੀ-20 ਅੰਤਰਰਾਸ਼ਟਰੀ ਲੜੀ ਵਿੱਚ 2-1 ਦੀ ਬੜ੍ਹਤ ਬਣਾ ਲਈ ਹੈ। ਦੋਵਾਂ ਟੀਮਾਂ ਵਿਚਕਾਰ ਲੜੀ ਦਾ ਪੰਜਵਾਂ ਅਤੇ ਆਖਰੀ ਮੈਚ ਸ਼ਨੀਵਾਰ ਨੂੰ ਬ੍ਰਿਸਬੇਨ ਵਿੱਚ ਖੇਡਿਆ ਜਾਵੇਗਾ।

## ਜੇ.ਐਨ.ਯੂ. 'ਚ ਇੱਕ ਵਾਰ ਫਿਰ 'ਲਾਲ ਸਲਾਮ', ਚਾਰੇ ਸੀਟਾਂ 'ਤੇ ਖੱਬੇ ਪੱਖੀ ਕਾਬਜ਼



**ਨਵੀਂ ਦਿੱਲੀ ।** ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ (ਜੇਐਨਯੂਐਸਯੂ) ਦੀ ਪ੍ਰਧਾਨਗੀ ਦੀ ਚੋਣ ਖੱਬੇ ਪੱਖੀ ਅਦਿਤੀ ਮਿਸ਼ਰਾ ਨੇ ਜਿੱਤ ਲਈ ਹੈ। ਉਸ ਨੂੰ 1,861 ਵੋਟਾਂ ਮਿਲੀਆਂ ਹਨ। ਉਸ ਨੇ ਏਬੀਵੀਪੀ ਦੇ ਵਿਕਾਸ ਪਟੇਲ ਨੂੰ ਹਰਾਇਆ, ਜਿਸ ਨੂੰ 1,447 ਵੋਟਾਂ ਮਿਲੀਆਂ। ਅਦਿੱਤੀ ਨੇ 414 ਵੋਟਾਂ ਦਾ ਚੋਣ ਜਿੱਤੀ। ਖੱਬੇ ਮੋਰਚੇ ਨੇ ਚਾਰ ਕੇਂਦਰੀ ਪੈਨਲ ਦੇ ਅਹੁਦਿਆਂ ਉਪਰ ਕਬਜ਼ਾ ਕੀਤਾ। ਉਪ ਪ੍ਰਧਾਨ ਦੀ ਚੋਣ ਲਈ ਕੇ. ਗੋਪਿਕਾ ਨੇ ਖੱਬੇ ਪੱਖੀਆਂ ਲਈ ਫ਼ੈਸਲਾਕੁੰਨ ਜਿੱਤ ਦਰਜ ਕੀਤੀ। ਉਸ ਨੇ 2,966 ਵੋਟਾਂ ਪ੍ਰਾਪਤ ਕੀਤੀਆਂ, ਜਦੋਂ ਕਿ ਏਬੀਵੀਪੀ ਦੀ ਤਾਨਿਆ ਕੁਮਾਰੀ ਨੇ 1,730 ਵੋਟਾਂ ਹਾਸਲ ਕੀਤੀਆਂ। ਜਨਰਲ ਸਕੱਤਰ ਦੇ ਕਰੀਬੀ ਮੁਕਾਬਲੇ ਵਿਚ ਖੱਬੇ ਪੱਖੀ ਦੇ ਸੁਨੀਲ ਯਾਦਵ ਨੇ 1,915 ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ, ਏਬੀਵੀਪੀ ਦੇ ਰਾਜੇਸ਼ਵਰ ਕਾਂਤ ਦੂਬੇ ਨੂੰ 1,841 ਵੋਟਾਂ ਮਿਲੀਆਂ। ਸੰਯੁਕਤ ਸਕੱਤਰ ਦੀ ਚੋਣ ਦਾਨੀਸ਼ ਅਲੀ ਨੇ 1,991 ਵੋਟਾਂ ਹਾਸਲ ਕਰ ਕੇ ਜਿੱਤੀ। ਜਦਕਿ ਏਬੀਵੀਪੀ ਦੇ ਅਨੁਜ ਦਮਾਰਾ ਨੂੰ 1,762 ਵੋਟਾਂ ਮਿਲੀਆਂ। ਇਸ ਤੋਂ ਪਹਿਲਾਂ ਗਿਣਤੀ ਸਮੇਂ ਖੱਬੇ ਪੱਖੀ ਅਤੇ ਸੱਜੇ ਪੱਖੀ ਧਿਰ ਦੇ ਸਮਰਥਕਾਂ ਵਿਚਾਲੇ ਝੜਪ ਹੋਈ ਪਰ ਉੱਥੇ ਯੂਨੀਵਰਸਿਟੀ ਵਲੋਂ ਤਾਇਨਾਤ ਗਾਰਡਾਂ ਨੇ ਸ਼ਾਂਤੀ ਬਹਾਲ ਕਰਵਾਈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਹਿਮਾਚਲ ਪ੍ਰਦੇਸ਼ 'ਚ ਠੰਢ ਵਧੀ; ਕਲਪਾ ਵਿੱਚ ਬਰਫ਼ਬਾਰੀ



**ਸ਼ਿਮਲਾ।** ਹਿਮਾਚਲ ਪ੍ਰਦੇਸ਼ ਵਿਚ ਠੰਢ ਦਾ ਜ਼ੋਰ ਵਧ ਗਿਆ ਹੈ। ਲਾਹੌਲ ਅਤੇ ਸਪਿਤੀ ਜ਼ਿਲ੍ਹੇ ਦੇ ਤਾਬੋ ਵਿੱਚ ਬੀਤੀ ਰਾਤ ਘੱਟੋ ਘੱਟ ਤਾਪਮਾਨ ਮਨਫੀ 5.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਗਿਆਨ ਕੇਂਦਰ ਅਨੁਸਾਰ ਕੇਲੌਂਗ ਵਿੱਚ ਤਾਪਮਾਨ ਮਨਫੀ 3.2 ਡਿਗਰੀ ਸੈਲਸੀਅਸ, ਕੁਕੁਮਸੇਰੀ ਵਿੱਚ ਮਨਫੀ 2.1 ਡਿਗਰੀ ਅਤੇ ਕਲਪਾ ਵਿੱਚ 0.2 ਡਿਗਰੀ ਦਰਜ ਕੀਤਾ ਗਿਆ। ਸੁੰਦਰਨਗਰ ਵਿੱਚ ਸੰਘਣੀ ਧੁੰਦ ਪਈ ਜਦਕਿ ਬਿਲਾਸਪੁਰ ਵਿੱਚ ਵੀ ਧੁੰਦ ਪਈ ਜਦੋਂ ਕਿ ਰਿਕੌਂਗਪੀਓ, ਤਾਬੋ, ਸਿਓਬਾਘ ਅਤੇ ਕੁਕੁਮਸੇਰੀ ਵਿੱਚ 35 ਤੋਂ 39 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲੀਆਂ। ਇਸ ਤੋਂ ਇਲਾਵਾ ਹੋਰ ਖੇਤਰਾਂ ਵੀ ਠੰਢ ਦਾ ਜ਼ੋਰ ਰਿਹਾ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ‘ਆਪ’ ਵਫਦ ਵੱਲੋਂ ਪੰਜਾਬ ਯੂਨੀਵਰਸਿਟੀ ਦੇ ਮੁੱਦੇ ’ਤੇ ਰਾਜਪਾਲ ਨਾਲ ਮੁਲਾਕਾਤ

**ਚੰਡੀਗੜ੍ਹ।** ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨੇਟ ਅਤੇ ਸਿੰਡੀਕੇਟ ਭੰਗ ਕਰਨ ਦੇ ਫੈਸਲੇ ਵਿਰੁੱਧ ਅੱਜ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੀਨੀਅਰ ਆਗੂ ਤੇ ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਵਫਦ ਨੇ ਚੰਡੀਗੜ ਸਥਿਤ ਪੰਜਾਬ ਰਾਜ ਭਵਨ ਵਿਖੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ। ਇਸ ਦੌਰਾਨ 'ਆਪ' ਦੇ ਵਫਦ ਨੇ ਕੇਂਦਰ ਸਰਕਾਰ ਦੇ ਫੈਸਲੇ ਦਾ ਵਿਰੋਧ ਕਰਦਿਆਂ ਰਾਜਪਾਲ ਨੂੰ ਪੰਜਾਬ ਯੂਨੀਵਰਸਿਟੀ ਦੀ ਲਕਤੰਤਰੀ ਹੋਰ 'ਤੇ ਚੁਣੀ ਗਈ ਸੈਨੇਟ ਤੇ ਸਿੰਡੀਕੇਟ ਨੂੰ ਭੰਗ ਕਰਨ ਦੇ ਕੇਂਦਰ ਸਰਕਾਰ ਦੇ ਇਕਪਾਸੜ ਕਦਮ ਵਿਰੁੱਧ ਮੰਗ ਪੱਤਰ ਸੌਂਪਿਆ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੇਂਦਰੀ ਸਿੱਖਿਆ ਮੰਤਰਾਲੇ ਵੱਲੋਂ 28 ਅਕਤੂਬਰ 2025 ਨੂੰ ਜਾਰੀ ਕੀਤਾ ਨੋਟੀਫਿਕੇਸ਼ਨ ਦਾ ਵਿਰੋਧ ਕੀਤਾ, ਜਿਸ ਨੇ ਸੈਨੇਟ ਦੀ ਕਾਨੂੰਨੀ ਤਾਕਤ 90 ਤੋਂ ਘਟਾ ਕੇ ਸਿਰਫ਼ 31 ਮੈਂਬਰ ਕਰ ਦਿੱਤੀ ਹੈ। ਇਸ ਵਿੱਚ 13 ਮੈਂਬਰ ਸਿੱਧੇ ਤੌਰ 'ਤੇ ਕੇਂਦਰ ਦੁਆਰਾ ਨਾਮਜ਼ਦ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਫੈਸਲਾ ਪੰਜਾਬ ਤੇ ਪੰਜਾਬ ਯੂਨੀਵਰਸਿਟੀ ਦੇ ਲੋਕਤੰਤਰੀ ਅਧਿਕਾਰਾਂ, ਖੁਦਮੁਖਤਿਆਰੀ ਅਤੇ ਪਛਾਣ 'ਤੇ ਸਿੱਧਾ ਹਮਲਾ ਹੈ। ਇਸ ਮੌਕੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਤੇ ਮਲਵਿੰਦਰ ਸਿੰਘ ਕੰਗ,



ਵਿਧਾਇਕ ਦਿਨੇਸ਼ ਚੱਢਾ, ਗੋਲਡੀ ਕੰਬੋਜ, ਦਵਿੰਦਰ ਸਿੰਘ ਲਾਡੀ ਢੋਸ, ਵਿਦਿਆਰਥੀ ਆਗੂ ਵਤਨਵੀਰ ਗਿੱਲ ਅਤੇ ਪੀਯੂ ਦੇ ਸਾਬਕਾ ਸੈਨੇਟ ਮੈਂਬਰ ਡਾ. ਇੰਦਰ ਪਾਲ ਸਿੰਘ ਸਿੱਧੂ ਅਤੇ ਰਵਿੰਦਰ ਧਾਲੀਵਾਲ ਵੀ ਮੌਜੂਦ ਸ੍ਰੀ ਚੀਮਾ ਨੇ ਰਾਜਪਾਲ ਨਾਲ ਮੁਲਾਕਾਤ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਦੇ ਲੋਕਤੰਤਰੀ ਢਾਂਚੇ ਨੂੰ ਤਬਾਹ ਕਰ ਦਿੱਤਾ ਗਿਆ ਹੈ। ਕੇਂਦਰ ਸਰਕਾਰ ਬੀਬੀਐਮਬੀ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨ ਤੋਂ ਬਾਅਦ ਹੁਣ ਪੰਜਾਬ ਯੂਨੀਵਰਸਿਟੀ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਨਾਲ ਪੰਜਾਬ ਦੇ 170 ਕਾਲਜ ਰਜਿਸਟਰਡ ਹਨ। ਕੇਂਦਰ ਸਰਕਾਰ ਦੀ ਅਜਿਹੀ ਕੋਸ਼ਿਸ਼ ਨਾਲ ਪੰਜਾਬ ਦੇ ਲੱਖਾਂ ਵਿਦਿਆਰਥੀਆ 'ਤੇ ਇਸ ਦਾ ਅਸਰ ਪਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪਹਿਲਾਂ ਸੈਨਟ ਦੇ ਪੁਨਰਗਠਨ ਬਾਰੇ ਨਟੀਫਿਕੇਸ਼ਨ ਜਾਰੀ ਕੀਤਾ, ਉਸ ਦਾ ਵਿਰੋਧ ਹੁੰਦਾ ਵੇਖਿਆ ਤਾਂ ਲੰਘੇ ਦਿਨ ਇਹ ਨੋਟੀਫਿਕੇਸ਼ਨ ਵਾਪਸ ਲੈ ਲਿਆ ਅਤੇ ਇੱਕ ਮਿੰਟ ਬਾਅਦ ਦੂਜਾ ਜਾਰੀ ਕਰ ਦਿੱਤਾ ਇਸ ਨੂੰ ਲੰਬਿਤ' ਰੱਖ ਲਿਆ। ਇਹ ਦੋਹਰੀ ਖੇਡ ਪੰਜਾਬ ਯੂਨੀਵਰਸਿਟੀ ਦੀ ਖ਼ੁਦਮੁਖਤਿਆਰੀ ਨੂੰ ਤਬਾਹ ਕਰਨ ਲਈ ਉਨ੍ਹਾਂ ਦੇ ਅਸਲ ਇਰਾਦੇ ਨੂੰ ਦਰਸਾਉਂਦੀ ਹੈ ।

ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਕੇਂਦਰ ਦਾ ਨੋਟੀਫਿਕਸ਼ਨ ਗੈਰ-ਸੰਵਿਧਾਨਕ ਹੈ। 'ਆਪ' ਆਗੂਆਂ ਦੇ ਵਫਦ ਨੇ ਰਾਜਪਾਲ ਗੁਲਾਬ ਚੰਦ ਕਟਾਰੀਆਂ ਨੂੰ ਪੰਜਾਬ ਯੂਨੀਵਰਸਿਟੀ ਦੀ ਖੁਦਮੁਖਤਿਆਰੀ, ਲੋਕਤੰਤਰੀ ਢਾਂਚੇ ਅਤੇ ਸਭਿਆਚਾਰਕ ਪਛਾਣ ਦੀ ਰੱਖਿਆ ਕਰਨ ਅਤੇ ਦਖਲ ਦੇਣ ਦੀ ਅਪੀਲ ਕੀਤੀ।

# ਬੌਲੀਵੁੱਡ ਅਦਾਕਾਰਾ ਸੁਲਕਸ਼ਨਾ ਪੰਡਤ ਦਾ ਦੇਹਾਂਤ



**ਮੁੰਬਈ।** ਬੌਲੀਵੁੱਡ ਦੀ ਅਦਾਕਾਰਾ ਸੁਲਕਸ਼ਨਾ ਪੰਡਤ ਦਾ ਅੱਜ ਦੇਹਾਂਤ ਹੋ ਗਿਆ। 71 ਸਾਲਾ ਅਦਾਕਾਰਾ ਦੇ ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗਿਆ ਪਰ ਇਹ ਜਾਣਕਾਰੀ ਮਿਲੀ ਹੈ ਕਿ ਉਹ ਕਾਫੀ ਸਮੇਂ ਤੋਂ ਬਿਮਾਰ ਚੱਲ ਰਹੀ ਸੀ। ਮੀਡੀਆ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਨੀਨਾਵਤੀ ਹਸਪਤਾਲ ਵਿਚ ਆਖਰੀ ਸਾਹ ਲਏ। ਜ਼ਿਕਰਯੋਗ ਹੈ ਕਿ ਸੁਡਕਸ਼ਨਾ ਪੰਡਤ ਨੇ ਅਦਾਕਾਰੀ ਤੋਂ ਪਹਿਲਾਂ ਗਾਇਕੀ ਵਿਚ ਵੀ ਹੱਥ ਅਜ਼ਮਾਇਆ ਸੀ। ਉਹ ਫਿਲਮ ‘ਉਲਝਨ’ ਤੇ ‘ਸੰਕੋਚ’ ਨਾਲ ਮਕਬੂਲ ਹੋਈ ਸੀ। ਸੁਲਕਸ਼ਨਾ ਦਾ ਜਨਮ 1954 ਵਿਚ ਹੋਇਆ ਸੀ ਤੇ ਉਸ ਨੇ ਸਾਰੀ ਉਮਰ ਵਿਆਹ ਨਹੀਂ ਕਰਵਾਇਆ। ਉਸ ਦੇ ਦੇਹਾਂਤ ਤੋਂ ਬਾਅਦ ਸੋਸ਼ਲ ਮੀਡੀਆ ’ਤੇ ਉਸ ਦੇ ਪ੍ਰਸ਼ੰਸਕਾਂ ਨੇ ਦੁੱਖ ਪ੍ਰਗਟ ਕੀਤਾ ਹੈ।




# ਗੁਰਦੁਆਰਾ ਗਊਘਾਟ ਪਾਤਸ਼ਾਹੀ ਪਹਿਲੀ ਵਿਖੇ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ-ਛੋਹ ਪ੍ਰਾਪਤ ਇਤਿਹਾਸਕ ਅਸਥਾਨ ਗੁਰਦੁਆਰਾ ਗਊਘਾਟ ਪਾਤਸ਼ਾਹੀ ਪਹਿਲੀ ਵਿਖੇ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 556ਵਾਂ ਪ੍ਰਕਾਸ਼ ਪੁਰਬ ਬੜੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ । ਇਸ ਮੌਕੇ ਸ਼੍ਰੀ ਅਖੰਡ-ਪਾਠ ਸਾਹਿਬ ਦਾ ਭੋਗ ਪਾਇਆ ਗਿਆ । ਉਪਰੰਤ ਭਾਈ ਅਮਨਦੀਪ ਸਿੰਘ ਜੀ ਲੁਧਿਆਣਾ, ਬੀਬੀ ਜਸ਼ਨਪ੍ਰੀਤ ਕੌਰ ਜੀ ਲੁਧਿਆਣਾ, ਭਾਈ ਸਤਨਾਮ ਸਿੰਘ ਜੀ, ਬੇਬੇ ਨਾਨਕੀ ਸਤਿਸੰਗ ਸਭਾ, ਭਾਈ ਮਨਦੀਪ ਸਿੰਘ ਜੀ ਲੁਧਿਆਣਾ, ਭਾਈ ਬਲਵਿੰਦਰ ਸਿੰਘ ਜੀ ਜਮਾਲਪੁਰੀ, ਭਾਈ ਗੁਰਮਿੰਦਰ ਪਾਲ ਸਿੰਘ ਜੀ ਲਾਲ, ਬੀਬੀ ਜਸਪ੍ਰੀਤ ਕੌਰ ਜੀ ਲਖਨਊ, ਭਾਈ ਸੁਖਪ੍ਰੀਤ ਸਿੰਘ ਜੀ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਅਤੇ ਗੁਰਮਤਿ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ । ਸਵੇਰ ਤੋਂ ਹੀ ਸੰਗਤਾਂ ਵੱਡੀ ਤਾਦਾਦ ਵਿੱਚ ਗੁਰੂ ਘਰ ਨਤਮਸਤਕ ਹੋਈਆਂ । ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸਰੋਵਰ ਵਿੱਚ ਇਸ਼ਨਾਨ ਕੀਤਾ। ਸ੍ਰ: ਲਖਬੀਰ ਸਿੰਘ ਰਸੀਵਰ ਤੇ ਸ੍ਰ: ਕੁਲਦੀਪ ਸਿੰਘ ਇੰਸਪੈਕਟਰ ਸ਼੍ਰੋ.ਗੁ.ਪ੍ਰ.ਕਮੇਟੀ ਨੇ ਸੰਗਤਾਂ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ- ਲੱਖ ਵਧਾਈ ਦਿੱਤੀ । ਇਹਨਾਂ ਤੋਂ ਇਲਾਵਾ ਸ੍ਰ: ਜਰਮਨਜੀਤ ਸਿੰਘ ਮੈਨੇਜਰ, ਸ਼ਮਸ਼ੇਰ ਸਿੰਘ ਮੈਨੇਜਰ, ਲਖਵਿੰਦਰ ਸਿੰਘ ਮੈਨੇਜਰ, ਭਾਈ ਸੋਹਣ ਸਿੰਘ ਹੈਡਗ੍ਰੰਥੀ, ਭਾਈ ਸੁਰਜੀਤ ਸਿੰਘ ਹੈਡਗ੍ਰੰਥੀ ਗੁਰਦੁਆਰਾ ਇਕਬਾਲਗੰਜ, ਸ਼੍ਰੀ ਰਾਕੇਸ਼ ਕੁਮਾਰ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਅੰਮ੍ਰਿਤਸਰ ਹਾਜ਼ਰ ਸਨ । ਗੁਰੂ ਕਾ ਲੰਗਰ, ਪੂਰੀ ਛੋਲਿਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ ।








# ਰੇਲਵੇ ਸੇਵਾਵਾਂ ਨਿਭਾਉਣ ਉਪਰੰਤ ਚੀਫ ਆਫਿਸ ਸੁਪਰਡੈਂਟ ਰਣਜੀਤ ਸਿੰਘ ਹੋਏ ਸੇਵਾ ਮੁਕਤ



**ਕਪੂਰਥਲਾ, (ਕੌੜਾ)-** ਰੇਲ ਕੋਚ ਫੈਕਟਰੀ ਕਪੂਰਥਲਾ ਵਿਖੇ ਲਗਭਗ 38 ਸਾਲ ਰੇਲਵੇ ਸੇਵਾਵਾਂ ਨਿਭਾਉਣ ਉਪਰੰਤ ਸੇਵਾ ਮੁਕਤ ਹੋਏ ਰਣਜੀਤ ਸਿੰਘ ਚੀਫ ਆਫਿਸ ਸੁਪਰਡੈਂਟ ਦੀ ਸੇਵਾ ਮੁਕਤੀ ਨੂੰ ਮੁੱਖ ਰੱਖਦਿਆਂ ਹੋਇਆ ਵੱਖ-ਵੱਖ ਸੰਸਥਾਵਾਂ ਤੇ ਆਗੂਆਂ ਵਲੋਂ ਸਾਂਝੇ ਤੌਰ ਤੇ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਦੌਰਾਨ ਐਸ. ਸੀ. ਐਸ. ਟੀ. ਐਸੋਸੀਏਸ਼ਨ ਦੇ ਪ੍ਰਧਾਨ ਜੀਤ ਸਿੰਘ ਅਤੇ ਬਾਬਾ ਜੀਵਨ ਸਿੰਘ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਅਵਤਾਰ ਸਿੰਘ ਮੌੜ ਨੇ ਸਾਂਝੇ ਤੌਰ ਤੇ ਦੱਸਿਆ ਕਿ ਰਣਜੀਤ ਸਿੰਘ ਨੇ ਬੇਦਾਗ ਰਹਿੰਦਿਆਂ ਹੋਇਆਂ 38 ਸਾਲ ਰੇਲ ਕੋਚ ਫੈਕਟਰੀ ਕਪੂਰਥਲਾ ਵਿਖੇ ਆਪਣੀਆਂ ਨਿੱਘੀਆਂ ਸੇਵਾਵਾਂ ਦੇ ਕੇ ਬਾਕੀ ਸਟਾਫ ਮੈਂਬਰਾਂ ਲਈ ਮਿਸਾਲ ਪੈਦਾ ਕੀਤੀ ਉਥੇ ਇਮਾਨਦਾਰੀ ਨਾਲ ਡਿਊਟੀ ਨਿਭਾ ਕੇ ਬਾਕੀ ਮੈਂਬਰਾਂ ਨੂੰ ਇਮਾਨਦਾਰੀ ਨਾਲ ਡਿਊਟੀ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਰਣਜੀਤ ਸਿੰਘ ਨੇ ਆਪਣੇ ਕਾਰਜਕਾਲ ਦੌਰਾਨ ਐਸ. ਸੀ. ਐਸ. ਟੀ. ਐਸੋਸੀਏਸ਼ਨ ਦੇ ਵਰਕਿੰਗ ਪ੍ਰਧਾਨ, ਜਨਰਲ ਸਕੱਤਰ, ਕਨੂੰਨੀ ਸਲਾਹਕਾਰ ਵਜੋਂ ਅਤੇ ਬਾਬਾ ਜੀਵਨ ਸਿੰਘ ਵੈਲਫੇਅਰ ਸੁਸਾਇਟੀ ਦੇ ਉਪ ਪ੍ਰਧਾਨ ਦੇ ਤੌਰ ਤੇ ਸੇਵਾਵਾਂ ਨਿਭਾਈਆਂ। ਇਸੇ ਦੌਰਾਨ ਉਕਤ ਆਗੂਆਂ ਵਲੋਂ ਰਣਜੀਤ ਸਿੰਘ ਨੂੰ ਯਾਦਗਾਰੀ ਸਨਮਾਨ ਚਿੰਨ, ਸਿਰੋਪਾਓ, ਬਾਬਾ ਸਹਿਬ ਦਾ ਸਰੂਪ ਅਤੇ ਕਿਰਪਾਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍ਰੀ ਗੁਰੂ ਰਵਿਦਾਸ ਸੇਵਕ ਸਭਾ ਦੇ ਸੈਕਟਰੀ ਨਰੇਸ਼ ਕੁਮਾਰ, ਕੈਸ਼ੀਅਰ ਪ੍ਰਿਥੀ ਸਿੰਘ, ਸਾਬਕਾ ਉਪ ਪ੍ਰਧਾਨ ਅਮਰਜੀਤ ਸਿੰਘ ਰੁੜਕੀ, ਖੂਨਦਾਨ ਸੰਸਥਾ ਦੇ ਟੇਕ ਚੰਦ, ਜਗਜੀਵਨ ਰਾਮ, ਜਸਪਾਲ ਸਿੰਘ, ਕਰਮਜੀਤ ਸਿੰਘ, ਸ਼ੀਤਲ ਸਿੰਘ ਕਪੂਰਥਲਾ, ਕੁਸ਼ਲ ਕੁਮਾਰ, ਅਵਤਾਰ ਸਿੰਘ, ਜਗੀਰ ਸਿੰਘ ਕਾਲਰੂ, ਬਲਵਿੰਦਰ ਪਾਜੀਆਂ, ਹਰਵਿੰਦਰ ਸਿੰਘ ਖਹਿਰਾ, ਕੁਲਦੀਪ ਸਿੰਘ, ਬਲਵਿੰਦਰ ਸਿੰਘ ਅਤੇ ਵੱਡੀ ਗਿਣਤੀ ਵਿਚ ਸੱਜਣ ਮਿੱਤਰ ਤੇ ਸਕੇ ਸਬੰਧੀ ਹਾਜ਼ਰ ਸਨ।

# ਦਿਉ ਮੁਬਾਰਕਾਂ ਕਬੱਡੀ ਖਿਡਾਰੀ ਅਮਨ ਸੈਂਪਲੀ_ਸਾਹਿਬ ਵਾਲੇ ਨੂੰ ਲੱਗ ਗਿਆ ਵੀਜ਼ਾ ਨਿਊਜ਼ੀਲੈਂਡ ਦਾ

**ਨਿਊਜ਼ੀਲੈਂਡ (ਹਰਜਿੰਦਰ ਪਾਲ ਛਾਬੜਾ)** ਕਬੱਡੀ ਦੇ ਧਾਕੜ ਪ੍ਰਮੋਟਰ ਤੀਰਥ ਅਟਵਾਲ ਨਿਊਜ਼ੀਲੈਂਡ ਦੀ ਬਦੌਲਤ ਪਾਊਗਾ ਘਾਹਦਾਰ ਗਰਾਊਂਡਾਂ ਵਿੱਚ ਕਬੱਡੀਆਂ ਕਬੱਡੀ ਕੋਚ ਪੰਮਾ ਬਜਹੇੜੀ ਦਾ ਚੰਡਿਆ ਹੋਇਆ ਪੰਜਾਬ ਦੇ ਕਬੱਡੀ ਟੂਰਨਾਮੈਂਟਾਂ ਤਕੜਾ ਪ੍ਰਦਰਸ਼ਨ ਕਰਦਾ ਰਿਹਾ ਪੁਆਧ ਕਬੱਡੀ ਫੈਡਰੇਸ਼ਨ ਵਿੱਚ ਤਕੜੀਆਂ ਕਬੱਡੀਆਂ ਪਾਉਂਦਾ ਅਨੇਕਾਂ ਟੂਰਨਾਮੈਂਟਾਂ ਦਾ ਬੈਸਟ ਵੀ ਬਣਿਆ। ਵਾਹਿਗੁਰੂ ਮੇਹਰ ਕਰੇ ਹੁਣ ਨਿਊਜ਼ੀਲੈਂਡ ਦੀ ਧਰਤੀ ਸ਼ਭਸ਼ ਸ਼ਪੋਰਟਸ & Cultural Club ਵੱਲੋਂ ਆਪਣੀ ਖੇਡ ਦਾ ਤਕੜਾ ਪ੍ਰਦਰਸ਼ਨ ਕਰੇਗਾ।




# ਕ੍ਰਾਈਮ ਫਿਕਸਰ £60 ਹਜ਼ਾਰ ਤੱਕ ਦੇ ਜੁਰਮਾਨੇ ਮਿਟਾਉਣ ਦੀ ਪੇਸ਼ਕਸ਼ ਕਰਦਾ ਕਾਬੂ

**ਲੈਸਟਰ (ਇੰਗਲੈਂਡ)**,6 ਨਵੰਬਰ (ਸੁਖਜਿੰਦਰ ਸਿੰਘ ਢੱਡੇ)-ਇੱਕ ਵਿਅਕਤੀ, ਜੋ ਆਪਣੇ ਆਪ ਨੂੰ "ਅਕਾਊਂਟੈਂਟ" ਕਹਿੰਦਾ ਹੈ, ਨੂੰ ਬੀ ਬੀ ਸੀ ਦੇ ਗੁਪਤ ਰਿਪੋਰਟਰਾਂ ਨੇ ਪ੍ਰਵਾਸੀ ਮਜ਼ਦੂਰਾਂ ਨੂੰ ਗੈਰਕਾਨੂੰਨੀ ਤੌਰ 'ਤੇ ਕੰਮ ਤੇ ਰੱਖਣ ਵਾਲੇ ਮਾਲਕਾਂ ਦੀਆਂ £60,000 ਤੱਕ ਦੀਆਂ ਜੁਰਮਾਨਾ ਰਕਮਾਂ "ਮਿਟਾਉਣ" ਦੀ ਪੇਸ਼ਕਸ਼ ਕਰਦਿਆਂ ਕਾਬੂ ਕੀਤਾ ਹੈ। ਬੀ ਬੀ ਸੀ ਦੀ ਜਾਂਚ ਦੌਰਾਨ ਪਤਾ ਲੱਗਾ ਕਿ ਇਹ ਫਿਕਸਰ ਇੱਕ ਐਸੀ ਜਾਲਸਾਜ਼ੀ ਵਾਲੇ ਸਿਸਟਮ ਦਾ ਹਿੱਸਾ ਹੈ, ਜੋ ਯੂਕੇ ਭਰ ਵਿੱਚ ਛੋਟੀਆਂ ਦੁਕਾਨਾਂ, ਬਾਰਬਰ ਸ਼ਾਪਾਂ ਅਤੇ ਕਾਰ ਵਾਸ਼ ਸੈਂਟਰਾਂ ਰਾਹੀਂ ਪ੍ਰਵਾਸੀ ਮਜ਼ਦੂਰਾਂ ਤੋਂ ਕੰਮ ਲੈਂਦਾ ਹੈ। ਇਹ ਗੈਰਕਾਨੂੰਨੀ ਕਾਰੋਬਾਰ "ਘੋਸਟ ਡਾਇਰੈਕਟਰ", ਸ਼ੈੱਲ ਕੰਪਨੀਆਂ ਅਤੇ ਝੂਠੇ ਕਾਗਜ਼ਾਤਾਂ ਦੀ ਵਰਤੋਂ ਕਰਦਾ ਹੈ, ਜਿਸ ਨਾਲ ਇਮੀਗ੍ਰੇਸ਼ਨ ਵਿਭਾਗ ਦੀਆਂ ਕਾਰਵਾਈਆਂ ਤੋਂ ਬਚਿਆ ਜਾ ਸਕਦਾ ਹੈ। ਬੀ ਬੀ ਸੀ ਦੇ ਅੰਡਰਕਵਰ ਰਿਪੋਰਟਰ ਨੂੰ ਫਿਕਸਰ ਨੇ ਦੱਸਿਆ ਕਿ ਉਹ ਸਰਕਾਰੀ ਏਜੰਸੀਆਂ ਨੂੰ "ਉਲਝਾ" ਸਕਦਾ ਹੈ ਅਤੇ ਜੁਰਮਾਨੇ ਗਾਇਬ ਕਰ ਸਕਦਾ ਹੈ। ਯੂ ਕੇ ਸਰਕਾਰ ਮੁਤਾਬਕ, ਕਿਸੇ ਵੀ ਗੈਰਕਾਨੂੰਨੀ ਮਜ਼ਦੂਰ ਨੂੰ ਰੱਖਣ 'ਤੇ ਨਿਯਮ ਤਹਿਤ ਮਾਲਕ 'ਤੇ £60,000 ਪ੍ਰਤੀ ਮਜ਼ਦੂਰ ਦਾ ਜੁਰਮਾਨਾ ਲੱਗਦਾ ਹੈ।ਇਸ ਖੁਲਾਸੇ ਨਾਲ ਇਹ ਸਾਬਤ ਹੋਇਆ ਹੈ ਕਿ ਪ੍ਰਵਾਸੀ ਮਜ਼ਦੂਰਾਂ ਦੀ ਸ਼ੋਸ਼ਣ ਕਰਨ ਵਾਲੀਆਂ ਗੈਰਕਾਨੂੰਨੀ ਲੇਬਰ ਚੇਨਾਂ ਅਜੇ ਵੀ ਯੂਕੇ ਵਿੱਚ ਸਰਗਰਮ ਹਨ।ਇਸ ਤਰ੍ਹਾਂ ਦੇ ਰੈਕੇਟ ਨਾ ਸਿਰਫ਼ ਮਜ਼ਦੂਰਾਂ ਦੇ ਅਧਿਕਾਰਾਂ ਦੀ ਉਲੰਘਣਾ ਕਰਦੇ ਹਨ, ਸਗੋਂ ਸਰਕਾਰ ਦੀ ਲਾਗੂ ਨੀਤੀ ਅਤੇ ਜੁਰਮਾਨਾ ਪ੍ਰਣਾਲੀ ਦੀ ਪ੍ਰਭਾਵਸ਼ੀਲਤਾ 'ਤੇ ਵੀ ਸਵਾਲ ਖੜ੍ਹੇ ਕਰਦੇ ਹਨ।ਇਸ ਖੁਲਾਸੇ ਤੋਂ ਬਾਅਦ ਸਰਕਾਰੀ ਏਜੰਸੀਆਂ ਵੱਲੋਂ ਜਾਂਚ ਸ਼ੁਰੂ ਕੀਤੀ ਗਈ ਹੈ। ਹਾਲਾਂਕਿ ਅਜੇ ਤੱਕ ਇਸ ਫਿਕਸਰ ਜਾਂ ਇਸ ਦੇ ਨੈੱਟਵਰਕ ਖ਼ਿਲਾਫ਼ ਕਿਸੇ ਗ੍ਰਿਫ਼ਤਾਰੀ ਜਾਂ ਮੁਕੱਦਮੇ ਦੀ ਪੁਸ਼ਟੀ ਨਹੀਂ ਹੋਈ। ਇਹ ਖ਼ਬਰ ਯੂ ਕੇ ਵਿੱਚ ਪ੍ਰਵਾਸੀ ਮਜ਼ਦੂਰਾਂ ਦੀ ਹਾਲਤ ਅਤੇ ਕਾਨੂੰਨੀ ਕਾਰਵਾਈਆਂ ਦੀ ਕਮੀ 'ਤੇ ਨਵਾਂ ਚਾਨਣ ਪਾਉਂਦੀ ਹੈ। ਬੀ ਬੀ ਸੀ ਦੀ ਇਹ ਜਾਂਚ ਸਰਕਾਰ ਲਈ ਚੇਤਾਵਨੀ ਹੈ ਕਿ ਗੈਰਕਾਨੂੰਨੀ ਰੁਜ਼ਗਾਰ ਖ਼ਿਲਾਫ਼ ਮੌਜੂਦਾ ਨਿਯਮਾਂ ਦੇ ਬਾਵਜੂਦ ਸਿਸਟਮ ਵਿੱਚ ਕਮਜ਼ੋਰੀਆਂ ਮੌਜੂਦ ਹਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸੰਤ ਸੀਚੇਵਾਲ ਦੇ ਯਤਨਾ ਸਦਕਾ ਮਲੇਸ਼ੀਆ ਤੋਂ ਨੌਜਵਾਨ ਦੀ ਹੋਈ ਘਰ ਵਾਪਸੀ

## ● ਸੱਤ ਅੱਠ ਮਹੀਨਿਆਂ ਤੋਂ ਟੁੱਟਿਆ ਪਿਆ ਸੀ ਪਰਿਵਾਰ ਨਾਲੋਂ ਸੰਪਰਕ ● ਜੇਲ੍ਹ 'ਚ ਸਾਲਾਂ ਤੋਂ ਫਸੇ ਪੰਜਾਬੀਆਂ ਦੀ ਪਿੱਛੇ ਪੈਰਵਾਈ ਕਰਨ ਵਾਲਾ ਕੋਈ ਨਹੀ ● ਬਹੁਤੇ ਤਾਂ ਆਪਣਾ ਨਾਂਅ-ਪਤਾ ਤੱਕ ਭੁੱਲ ਚੁੱਕੇ ਨੇ ਨੌਜਵਾਨ : ਦਲਜੀਤ

**ਕਪੂਰਥਲਾ, (ਕੌੜਾ)–** ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਮਲੇਸ਼ੀਆ ਵਿੱਚ ਫਸਿਆ ਪੰਜਾਬ ਦਾ ਇੱਕ ਨੌਜਵਾਨ ਸਹੀ-ਸਲਾਮਤ ਵਾਪਸ ਆਪਣੇ ਪਰਿਵਾਰ ਵਿਚ ਪਰਤ ਆਇਆ ਹੈ। ਨਸੀਰਪੁਰ (ਜ਼ਿਲ੍ਹਾ ਜਲੰਧਰ) ਦੇ ਰਹਿਣ ਵਾਲੇ ਦਲਜੀਤ ਸਿੰਘ ਨੇ ਦੱਸਿਆ ਕਿ ਮਲੇਸ਼ੀਆ ਦੀ ਜੇਲ੍ਹ ਵਿੱਚ ਕਈ ਪੰਜਾਬੀ ਮੁੰਡੇ ਸਾਲਾਂ ਤੋਂ ਕੈਦ ਹਨ, ਜਿਨ੍ਹਾਂ ਵਿੱਚੋਂ ਬਹੁਤੇ ਆਪਣੇ ਮਾਪਿਆਂ ਦੇ ਸੰਪਰਕ ਨੰਬਰ ਤੱਕ ਭੁੱਲ ਚੁੱਕੇ ਹਨ ਅਤੇ ਘਰ ਨਾਲ ਰਾਬਤਾ ਨਹੀਂ ਕਰ ਸਕਦੇ। ਦਲਜੀਤ ਸਿੰਘ ਨੇ ਦੱਸਿਆ ਕਿ ਉਹ 2018 ਵਿੱਚ ਟੂਰਿਸਟ ਵੀਜ਼ੇ 'ਤੇ ਮਲੇਸ਼ੀਆ ਗਿਆ ਸਦੀ। ਕਈ ਸਾਲ ਉੱਥੇ ਮਿਹਨਤ ਕਰਨ ਦੇ ਬਾਵਜੂਦ ਨਾ ਤਾਂ ਉਸਨੂੰ ਤਨਖਾਹ ਮਿਲੀ, ਨਾ ਹੀ ਇਨਸਾਫ਼। ਮਾਲਕਾਂ ਵੱਲੋਂ ਧੋਖਾਧੜੀ ਦਾ ਸ਼ਿਕਾਰ ਹੋਣ ਉੱਪਰੋਂ, ਉਸਨੂੰ ਪੁਲਿਸ ਨੇ ਫੜ ਕੇ ਜੇਲ੍ਹ ਭੇਜ ਦਿੱਤਾ। ਜੇਲ੍ਹ ਵਿੱਚ ਬਤੀਤ ਕੀਤੇ ਸਮੇਂ ਨੂੰ ਕੌੜੀ ਯਾਦ ਵਜੋਂ ਯਾਦ ਕਰਦਿਆ ਉਸਨੇ ਦੱਸਿਆ ਕਿ ਜੇਲ੍ਹ ਦੇ ਹਾਲਾਤ ਬਹੁਤ ਹੀ ਭਿਆਨਕ ਸਨ — "ਇੱਕ ਛੋਟੇ ਕਮਰੇ ਵਿੱਚ 70 ਤੋਂ 80 ਬੰਦੇ ਰੱਖੇ ਜਾਂਦੇ ਸਨ, ਜਿੱਥੇ ਸਾਹ ਲੈਣਾ ਵੀ ਔਖਾ ਹੁੰਦਾ ਸੀ। ਉਸਨੇ ਇਹ ਵੀ ਖੁਲਾਸਾ ਕੀਤਾ



ਕਿ ਖਾਣਾ ਵੀ ਬਹੁਤ ਮਾੜਾ ਹੁੰਦਾ ਸੀ। ਜਿਸ ਕਾਰਣ ਵਾਪਸੀ ਤੋਂ ਮਗਰੋਂ ਅਜੇ ਤੱਕ ਵੀ ਉਸਨੂੰ ਖਾਣਾ ਖਾਣ ਤੋਂ ਬਾਅਦ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦਲਜੀਤ ਨੇ ਜੇਲ੍ਹ ਦੇ ਭਿਆਨਕ ਮੰਜ਼ਰ ਨੂੰ ਯਾਦ ਕਰਦਿਆ ਕਿਹਾ ਕਿ ਉੱਥੇ ਖੁੱਲ੍ਹੀ ਹਵਾ ਵਿੱਚ ਵੀ ਸਾਹ ਲੈਣ ਲਈ ਤਰਸੇ ਪਏ ਸੀ।ਦਲਜੀਤ ਦੇ ਨਾਲ ਆਏ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਜਦੋਂ ਉਹ ਫੜਿਆ ਗਿਆ, ਤਦ ਉਨ੍ਹਾਂ ਨੂੰ ਕਿਹਾ ਗਿਆ ਸੀ ਕਿ 5 ਮਹੀਨਿਆਂ ਵਿੱਚ ਦਲਜੀਤ ਦੀ ਵਾਪਸੀ ਹੋ ਜਾਵੇਗੀ। ਪਰ 7-8 ਮਹੀਨੇ ਬੀਤ ਗਏ, ਕੋਈ ਸੁਨੇਹਾ ਨਾ ਆਇਆ। ਆਖ਼ਰ, ਉਹਨਾਂ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਸੰਪਰਕ ਕੀਤਾ, ਜਿਨ੍ਹਾਂ ਦੀ ਮਦਦ ਸਦਕਾ ਦਲਜੀਤ 31 ਅਕਤੂਬਰ ਨੂੰ ਸੁਰੱਖਿਅਤ ਤੌਰ 'ਤੇ ਭਾਰਤ ਵਾਪਸ ਆ ਗਿਆ। ਉਹਨਾਂ ਕਿਹਾ ਕਿ ਜੇਕਰ ਦਲਜੀਤ ਦੀ ਪੈਰਵਾਈ ਨਾ ਹੁੰਦੀ ਤਾਂ ਉਸਦਾ ਹਾਲ ਵੀ ਉੱਥੇ ਫਸੇ ਬਾਕੀ ਨੌਜਵਾਨਾਂ ਵਰਗਾ ਹੋ ਜਾਣਾ ਸੀ। ਦਲਜੀਤ ਨੇ ਵਿਦੇਸ਼ ਜਾਣ ਵਾਲੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਟੂਰਿਸਟ ਵੀਜ਼ੇ 'ਤੇ ਕੰਮ ਦੀ ਆਸ ਨਾਲ ਵਿਦੇਸ਼ ਜਾਣਾ ਬਹੁਤ ਵੱਡਾ ਖ਼ਤਰਾ ਹੈ। ਉਸ ਨੇ ਦੱਸਿਆ ਕਿ ਵਿਦੇਸ਼ਾਂ ਵਿੱਚ ਸਭ ਤੋਂ ਵੱਧ ਸ਼ੋਸ਼ਣ ਉਨ੍ਹਾਂ ਲੋਕਾਂ ਦਾ ਹੁੰਦਾ ਹੈ ਜੋ ਟੂਰਿਸਟ ਵੀਜ਼ੇ 'ਤੇ ਕੰਮ ਕਰਦੇ ਹਨ, ਕਿਉਂਕਿ ਉਨ੍ਹਾਂ ਦੀ ਸਹਾਇਤਾ ਲਈ ਉੱਥੇ ਕੋਈ ਨਹੀਂ ਹੁੰਦਾ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਇਸ ਮਾਮਲੇ ਵਿੱਚ ਸਹਿਯੋਗ ਦੇਣ ਲਈ ਵਿਦੇਸ਼ ਮੰਤਰਾਲੇ ਅਤੇ ਭਾਰਤੀ ਦੂਤਾਵਾਸ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਗਲਤ ਤਰੀਕਿਆਂ ਨਾਲ ਵਿਦੇਸ਼ ਜਾਣ ਦਾ ਫੈਸਲਾ ਆਪਣੇ ਜੀਵਨ ਨੂੰ ਖਤਰੇ ਵਿੱਚ ਪਾਉਣ ਦੇ ਬਰਾਬਰ ਹੈ। ਇਸ ਲਈ ਵਿਦੇਸ਼ ਜਾਣ ਲਈ ਹਮੇਸ਼ਾਂ ਕਾਨੂੰਨੀ ਤੇ ਸੁਰੱਖਿਅਤ ਤਰੀਕਿਆਂ ਨਾਲ ਹੀ ਕੀਤੀ ਜਾਵੇ।

# ਸੂਫੀ ਸੰਤ ਸਰਕਾਰ ਲੱਖਦਾਤਾ ਪੀਰ ਟਰੱਸਟ ਵੱਲੋਂ ਸੱਤਵਾਂ ਸਲਾਨਾ ਮੇਲਾ ਅਤੇ ਭੰਡਾਰਾ 8 ਨੂੰ ਹੰਬੜਾਂ ਵਿਖੇ ਕਰਵਾਇਆ ਜਾਵੇਗਾ



**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਸੂਫੀ ਸੰਤ ਸਰਕਾਰ ਲੱਖ ਦਾਤਾ ਪੀਰ ਟਰਸਟ (ਰਜਿ:) ਨੰਬਰ 2340 ਵੱਲੋਂ 7ਵਾਂ ਸਲਾਨਾ ਮੇਲਾ ਅਤੇ ਭੰਡਾਰਾ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੁੱਖ ਸੇਵਾਦਾਰ ਬਾਬਾ ਗੁਰਮੀਤ ਸਿੰਘ ਜੀ ਹੰਬੜਾਂ ਵਾਲਿਆਂ ਨੇ ਦੱਸਿਆ ਕਿ ਇਹ ਸਲਾਨਾ ਮੇਲਾ ਹਰੇਕ ਸਾਲ ਦੀ ਤਰ੍ਹਾਂ ਇਸ ਵਾਰ ਵੀ 8 ਨਵੰਬਰ ਦਿਨ ਸ਼ਨੀਵਾਰ ਨੂੰ ਕਰਵਾਇਆ ਜਾ ਰਿਹਾ ਹੈ । ਬਾਬਾ ਗੁਰਮੀਤ ਸਿੰਘ ਜੀ ਨੇ ਦੱਸਿਆ ਕਿ ਸਵੇਰੇ 10 ਵਜੇ ਪੀਰਾਂ ਦੀ ਆਸ਼ੀਰਵਾਦ ਵਿੱਚ ਮੇਲਾ ਆਰੰਭ ਹੋਵੇਗਾ ਜੋ ਸ਼ਾਮ 5 ਵਜੇ ਤੱਕ ਚੱਲੇਗਾ । ਮੇਲੇ ਵਿੱਚ ਦਾਦਾ ਗੁਰੂ ਸਾਈ ਜੀਵਨ ਸ਼ਾਹ ਜੀ ਅਤੇ ਗੁਰੂ ਸਾਈ ਮੁਹੰਮਦ ਸ਼ਾਹ ਜੀ ਮਾਜਰੀ ਲੁਧਿਆਣਾ ਵਾਲੇ ਮੇਲੇ ਵਿੱਚ ਉਚੇਚੇ ਤੌਰ ਤੇ ਆਸ਼ੀਰਵਾਦ ਦੇਣ ਲਈ ਪਹੁੰਚਣਗੇ । ਮੇਲੇ ਵਿੱਚ ਪੀਰਾਂ ਦੀਆਂ ਗੁਣ ਗਾਨ ਕਰਨ ਲਈ ਬੀਐਸ ਬਬਲੀ ਅਤੇ ਅਰਸ਼ਦੀਪ ਪਾਲ ਬਾਬਾ ਜੀ ਵੀ ਪਹੁੰਚ ਰਹੇ ਹਨ। ਇਸ ਮੌਕੇ ਲੰਗਰ ਅਤੁੱਟ ਵਰਤਾਇਆ ਜਾਵੇਗਾ।

# ਡੇਰਾਬੱਸੀ ਵਿੱਚ 77 ਲਾਭਪਾਤਰੀਆਂ ਨੂੰ 'ਸਭ ਲਈ ਘਰ' ਯੋਜਨਾ ਤਹਿਤ ਦਿੱਤੇ ਪ੍ਰਵਾਨਗੀ ਪੱਤਰ





**ਡੇਰਾਬੱਸੀ ( ਸੰਜੀਵ ਸਿੰਘ ਸੈਣੀ)** ਡੇਰਾਬੱਸੀ ਨਗਰ ਕੌਂਸਲ ਨੇ ਵੀਰਵਾਰ ਨੂੰ ਸਾਰਿਆਂ ਲਈ ਘਰ 2.0 ਯੋਜਨਾ ਤਹਿਤ 77 ਯੋਗ ਲਾਭਪਾਤਰੀਆਂ ਨੂੰ ਪ੍ਰਵਾਨਗੀ ਪੱਤਰ ਭੇਟ ਕੀਤੇ। ਇਹ ਸਮਾਗਮ ਨਗਰ ਕੌਂਸਲ ਦਫਤਰ ਦੇ ਕੈਂਪਸ ਵਿੱਚ ਆਯੋਜਿਤ ਕੀਤਾ ਗਿਆ, ਜਿੱਥੇ ਲੰਬੇ ਇੰਤਜ਼ਾਰ ਤੋਂ ਬਾਅਦ ਪੱਤਰ ਪ੍ਰਾਪਤ ਹੋਣ 'ਤੇ ਲਾਭਪਾਤਰੀਆਂ ਦੇ ਚਿਹਰਿਆਂ 'ਤੇ ਸੰਤੁਸ਼ਟੀ ਅਤੇ ਖੁਸ਼ੀ ਝਲਕ ਰਹੀ ਸੀ। ਪ੍ਰੋਗਰਾਮ ਦੀ ਪ੍ਰਧਾਨਗੀ ਨਗਰ ਕੌਂਸਲ ਦੇ ਪ੍ਰਧਾਨ ਆਸ਼ੂ ਉਪਨੇਜਾ ਨੇ ਕੀਤੀ। ਕਾਰਜਕਾਰੀ ਅਧਿਕਾਰੀ ਰਵਨੀਤ ਸਿੰਘ ਅਤੇ ਨਰੇਸ਼ ਉਪਨੇਜਾ ਵਿਸ਼ੇਸ਼ ਮਹਿਮਾਨਾਂ ਵਜੋਂ ਮੌਜੂਦ ਸਨ। ਲਾਭਪਾਤਰੀਆਂ ਨੂੰ ਵਧਾਈ ਦਿੰਦੇ ਹੋਏ ਅਧਿਕਾਰੀਆਂ ਨੇ ਕਿਹਾ ਕਿ ਇਹ ਯੋਜਨਾ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਸਥਾਈ ਅਤੇ ਸੁਰੱਖਿਅਤ ਰਿਹਾਇਸ਼ ਪ੍ਰਦਾਨ ਕਰਨ ਵਿੱਚ ਇੱਕ ਮੀਲ ਪੱਥਰ ਸਾਬਤ ਹੋ ਰਹੀ ਹੈ। ਪ੍ਰਧਾਨ ਆਸ਼ੂ ਉਪਨੇਜਾ ਨੇ ਕਿਹਾ ਕਿ ਨਗਰ ਕੌਂਸਲ ਇਸ ਯੋਜਨਾ ਨੂੰ ਜ਼ਮੀਨੀ ਪੱਧਰ 'ਤੇ ਪਾਰਦਰਸ਼ੀ ਅਤੇ ਵਿਵਹਾਰਕ ਢੰਗ ਨਾਲ ਲਾਗੂ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਪ੍ਰਵਾਨਗੀ ਪੱਤਰ ਪ੍ਰਾਪਤ ਕਰਨ ਵਾਲੇ ਪਰਿਵਾਰ ਹੁਣ ਬਿਨਾਂ ਕਿਸੇ ਰੁਕਾਵਟ ਦੇ ਆਪਣੇ ਘਰਾਂ ਦੀ ਉਸਾਰੀ ਸ਼ੁਰੂ ਕਰ ਸਕਦੇ ਹਨ ਅਤੇ ਜਲਦੀ ਹੀ ਆਪਣੇ ਸੁਪਨੇ ਸਾਕਾਰ ਹੁੰਦੇ ਦੇਖ ਸਕਦੇ ਹਨ। ਇਸ ਮੌਕੇ ਕਾਰਜਕਾਰੀ ਅਧਿਕਾਰੀ ਰਵਨੀਤ ਸਿੰਘ ਨੇ ਦੱਸਿਆ ਕਿ ਲਾਭਪਾਤਰੀਆਂ ਦੀ ਚੋਣ ਲਈ ਸਾਰੇ ਯੋਗਤਾ ਮਾਪਦੰਡਾਂ ਅਤੇ ਦਸਤਾਵੇਜ਼ਾਂ ਦੀ ਪੂਰੀ ਪਾਰਦਰਸ਼ਤਾ ਅਤੇ ਇਮਾਨਦਾਰੀ ਨਾਲ ਜਾਂਚ ਕੀਤੀ ਗਈ। ਇਸ ਦੌਰਾਨ ਨਰੇਸ਼ ਉਪਨੇਜਾ ਨੇ ਇਸ ਯੋਜਨਾ ਨੂੰ ਸਮਾਜਿਕ ਤਬਦੀਲੀ ਵੱਲ ਇੱਕ ਮਹੱਤਵਪੂਰਨ ਕਦਮ ਦੱਸਦਿਆਂ ਕਿਹਾ ਕਿ ਇਹ ਬਹੁਤ ਸਾਰੇ ਪਰਿਵਾਰਾਂ ਦੇ ਜੀਵਨ ਵਿੱਚ ਸਥਾਈ ਅਤੇ ਸਕਾਰਾਤਮਕ ਤਬਦੀਲੀ ਲਿਆਏਗਾ। ਮੌਜੂਦ ਲਾਭਪਾਤਰੀਆਂ ਨੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ, ਨਗਰ ਕੌਂਸਲ ਪ੍ਰਸ਼ਾਸਨ ਅਤੇ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸੁਪਨਿਆਂ ਦੇ ਘਰ ਬਣਾਉਣ ਦਾ ਰਸਤਾ ਹੁਣ ਸਾਫ਼ ਹੋ ਗਿਆ ਹੈ।

# ਕਰਨਵੀਰ ਕਟਾਰੀਆ ਯੂਥ ਆਗੂ ਨੇ ਰਾਜਾ ਵੜਿੰਗ ਕਾਂਗਰਸ ਪ੍ਰਧਾਨ ਦਾ ਕੀਤਾ ਤਿੱਖਾ ਵਿਰੋਧ....

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਕਾਂਗਰਸ ਦੇ ਪੰਜਾਬ ਪ੍ਰਧਾਨ ਰਾਜਾ ਵੜਿੰਗ ਵੱਲੋਂ ਸਾਬਕਾ ਗ੍ਰਹਿ ਮੰਤਰੀ ਸ. ਬੂਟਾ ਸਿੰਘ ਜੀ ਸਮੇਤ ਸਮੂਹ ਦਲਿਤ ਭਾਈਚਾਰੇ ਦੇ ਘੋਰ ਅਪਮਾਨ ਦੇ ਵਿਰੋਧ ਵਿੱਚ ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਕੈਬਿਨੇਟ ਮੰਤਰੀ ਸ. ਹਰਪਾਲ ਸਿੰਘ ਚੀਮਾ ਜੀ ਦੀ ਅਗਵਾਈ ਹੇਠ ਕਾਂਗਰਸ ਦੇ ਤਰਨਤਾਰਨ ਦਫ਼ਤਰ ਦੇ ਬਾਹਰ ਭਾਰੀ ਰੋਸ ਪ੍ਰਦਰਸ਼ਨ ਕੀਤਾ ਗਿਆ।

ਇਸ ਰੋਸ ਪ੍ਰਦਰਸ਼ਨ ਵਿੱਚ ਯੂਥ ਆਗੂ ਕਰਨਵੀਰ ਕਟਾਰੀਆ ਆਪਣੀ ਟੀਮ ਸਮੇਤ ਸਰਗਰਮ ਹਿੱਸਾ ਲੈਂਦੇ ਹੋਏ ਮੌਜੂਦ ਰਹੇ ਅਤੇ ਕਾਂਗਰਸ ਪਾਰਟੀ ਵੱਲੋਂ ਦਲਿਤ ਭਾਈਚਾਰੇ ਨਾਲ ਕੀਤੇ ਅਪਮਾਨ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। ਸਮੂਹ ਆਗੂਆਂ ਨੇ ਕਾਂਗਰਸ ਪਾਰਟੀ ਤੋਂ ਇਸ ਘਿਨਾਉਣੀ ਹਰਕਤ ਲਈ ਜਨਤਕ ਮੁਆਫ਼ੀ ਮੰਗਣ ਅਤੇ ਰਾਜਾ ਵੜਿੰਗ ਨੂੰ ਤੁਰੰਤ ਪਾਰਟੀ 'ਚੋਂ ਬਾਹਰ ਕੱਢਣ ਦੀ ਮੰਗ ਕੀਤੀ।




ਸਵ. ਸਾਬਕਾ ਗ੍ਰਹਿ ਮੰਤਰੀ ਬੂਟਾ ਸਿੰਘ ਜੀ ਦੇ ਖ਼ਿਲਾਫ਼ ਭੱਦੀ ਸ਼ਬਦਾਵਲੀ ਵਰਤਣ ਵਾਲੇ ਰਾਜਾ ਵੜਿੰਗ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ। ਉਨ੍ਹਾਂ ਕਾਂਗਰਸ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਤੋਂ ਮੰਗ ਕੀਤੀ ਕਿ ਦਲਿਤਾਂ ਪ੍ਰਤੀ ਅਜਿਹੀ ਮਾੜੀ ਸੋਚ ਰੱਖਣ ਵਾਲੇ ਨੂੰ ਤੁਰੰਤ ਪਾਰਟੀ ਵਿਚੋਂ ਕੱਢਿਆ ਜਾਵੇ। ਨਾਲ ਹੀ ਉਨ੍ਹਾਂ ਦਲਿਤ ਭਾਈਚਾਰੇ ਨੂੰ ਆਉਂਦੀ 11 ਨਵੰਬਰ ਨੂੰ ਤਰਨਤਾਰਨ ਜ਼ਿਮਨੀ ਚੋਣਾਂ 'ਚ ਕਾਂਗਰਸ ਨੂੰ ਉਸਦੀ ਅਸਲੀ ਜਗ੍ਹਾ ਦਿਖਾਉਣ ਦੀ ਅਪੀਲ ਕੀਤੀ। ਇਸ ਮੌਕੇ ਹਲਕਾ ਯੂਥ ਪ੍ਰਧਾਨ ਕਰਨਵੀਰ ਕਟਾਰੀਆ, ਸਤਨਾਮ ਸਿੰਘ ਸਰਪੰਚ, ਪਵਨ ਕੁਮਾਰ, ਕੁਲਦੀਪ ਕੁਮਾਰ ਹਲਕਾ ਪ੍ਰਧਾਨ ਐੱਸ ਸੀ ਵਿੰਗ , ਗੁਰਪ੍ਰੀਤ ਸਿੰਘ, ਹਰਪ੍ਰੀਤ ਸਿੰਘ,ਹਰਮਨ ਸਿੰਘ,ਮਨਜੀਤ ਬਾਬਾ ,ਭੁਪਿੰਦਰ ਸਿੰਘ ਲੱਕੀ, ਕਮਲਜੀਤ,ਆਦਿ ਹਾਜਰ ਸਨ।

# ਐਸ.ਕੇ.ਟੀ. ਪਲਾਂਟੇਸ਼ਨ ਟੀਮ ਦੀ ਜਨਮਦਿਨ ਤੇ ਪੌਧਾਰੋਪਣ ਮੁਹਿੰਮ ਤਹਿਤ ਲਗਾਏ ਬੂਟੇ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਹਰ ਜਨਮਦਿਨ 'ਤੇ ਇਕ ਬੂਟਾ*, ਇਸ ਸੰਕਲਪ ਨਾਲ ਐਸ.ਕੇ.ਟੀ. ਪਲਾਂਟੇਸ਼ਨ ਟੀਮ ਵੱਲੋਂ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ "ਜਨਮਦਿਨ 'ਤੇ ਪੌਧਾਰੋਪਣ" ਦੇ ਤਹਿਤ ਫੋਕਲ ਪੌਇੰਟ ਨਿਵਾਸੀ ਵਿਜੇ ਨੇ ਆਪਣੇ ਜਨਮਦਿਨ ਮੌਕੇ ਚੰਡੀਗੜ੍ਹ ਰੋਡ ਵਿਖੇ ਸਥਿਤ ਪਾਰਕ ਵਿੱਚ ਬੂਟੇ ਲਗਾ ਕੇ ਜਨਮਦਿਨ ਮਨਾਇਆ। ਇਸ ਰਾਹੀਂ ਓਹਨਾਂ ਨੇ ਵਾਤਾਵਰਨ ਸੰਭਾਲ ਦਾ ਸੁਨੇਹਾ ਦਿੰਦਿਆਂ ਸਮਾਜ ਨੂੰ ਪ੍ਰੇਰਿਤ ਕੀਤਾ ਕਿ ਹਰ ਖੁਸ਼ੀ ਨੂੰ ਹਰਿਆਲੀ ਨਾਲ ਜੋੜਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਟੀਮ ਦੇ ਸੰਚਾਲਕ ਅੰਕੁਸ਼ ਨਿਝਾਵਨ ਨੇ ਕਿਹਾ ਕਿ ਰੁੱਖ ਸਾਡੇ ਜੀਵਨ ਦੇ ਸੱਚੇ ਆਧਾਰ ਹਨ। ਬਿਨਾਂ ਇਨ੍ਹਾਂ ਦੇ ਮਨੁੱਖੀ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਉਹਨਾਂ ਕਿਹਾ ਕਿ ਅੱਜ ਲਗਾਇਆ ਹਰ ਬੂਟਾ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਕੀਮਤੀ ਤੋਹਫ਼ਾ ਹੈ, ਜੋ ਸਾਲਾਂ ਤੱਕ ਆਕਸੀਜਨ ਦੇ ਕੇ ਜੀਵਨ ਨੂੰ ਸੰਜੀਵਨੀ ਦਿੰਦਾ ਰਹੇਗਾ। ਉਹਨਾਂ ਸਭ




ਨਾਗਰਿਕਾਂ ਨੂੰ ਅਪੀਲ ਕੀਤੀ ਕਿ ਆਪਣੇ ਜਨਮਦਿਨ, ਵਰੇਗੰਢ ਜਾਂ ਹੋਰ ਖਾਸ ਮੌਕਿਆਂ 'ਤੇ ਘੱਟੋ-ਘੱਟ ਇਕ ਬੂਟਾ ਜ਼ਰੂਰ ਲਗਾਇਆ ਜਾਵੇ ਤੇ ਉਸਦੀ ਸੰਭਾਲ ਵੀ ਕੀਤੀ ਜਾਵੇ।

ਵਿਜੇ ਨੇ ਆਪਣੇ ਸੁਨੇਹੇ ਵਿੱਚ ਕਿਹਾ ਕਿ ਬੂਟੇ ਸਾਡੇ ਸੱਚੇ ਮਿੱਤਰ ਹਨ, ਜੋ ਵੱਡੇ ਹੋ ਕੇ ਸਾਨੂੰ ਸ਼ੁੱਧ ਹਵਾ, ਛਾਂ ਤੇ ਜੀਵਨ ਦਿੰਦੇ ਹਨ। ਉਹਨਾਂ ਕਿਹਾ ਕਿ ਜੇ ਹਰ ਵਿਅਕਤੀ ਸਾਲ ਵਿੱਚ ਸਿਰਫ਼ ਇਕ ਬੂਟਾ ਵੀ ਲਗਾ ਕੇ ਉਸਦੀ ਦੇਖਭਾਲ ਕਰੇ, ਤਾਂ ਧਰਤੀ ਦਾ ਵਾਤਾਵਰਣ ਸਾਫ਼ ਤੇ ਸੁੰਦਰ ਬਣਾਇਆ ਜਾ ਸਕਦਾ ਹੈ। ਵਾਤਵਾਰਨ ਦੀ ਸੰਭਾਲ ਹੀ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ। ਉਹਨਾਂ ਐਸ.ਕੇ.ਟੀ. ਪਲਾਂਟੇਸ਼ਨ ਟੀਮ ਵੱਲੋਂ ਚਲਾਈ ਜਾ ਰਹੀ "ਜਨਮਦਿਨ 'ਤੇ ਪੌਧਾਰੋਪਣ" ਮੁਹਿੰਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਮੁਹਿੰਮ ਨਾ ਸਿਰਫ਼ ਹਰਿਆਲੀ ਵਧਾਉਣ ਵੱਲ ਕਦਮ ਹੈ, ਸਗੋਂ ਸਮਾਜ ਵਿੱਚ ਵਾਤਾਵਰਨ ਪ੍ਰਤੀ ਜਾਗਰੂਕਤਾ ਫੈਲਾਉਣ ਦਾ ਇਕ ਮਜ਼ਬੂਤ ਸਾਧਨ ਵੀ ਬਣ ਰਹੀ ਹੈ। ਇਸ ਮੌਕੇ ਟੀਮ ਦੇ ਗ੍ਰੀਨ ਮੋਟੀਵੇਟਰ ਹਰਪ੍ਰੀਤ, ਕੁਲਵਿੰਦਰ ਸਿੰਘ, ਪਰਵਿੰਦਰ, ਸ਼ਮਸ਼ੇਰ, ਰਾਮ ਵਿਹਰ ਅਤੇ ਟੀਮ ਦੇ ਹੋਰ ਮੈਂਬਰ ਵੀ ਮੌਜੂਦ ਸਨ।

# ਲੈਸਟਰ ਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਪੁਰਬ ਉਤਸਾਹ ਨਾਲ ਮਨਾਇਆ ਗਿਆ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)–** ਗੁਰੂਦੁਆਰਾ ਸ੍ਰੀ ਦਸਮੇਸ਼ ਸਾਹਿਬ ਲੈਸਟਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਅਵਤਾਰ ਪੂਰਬ ਬੜੀ ਸਰਧਾ ਤੇ ਉਤਸਾਹ ਨਾਲ ਗੁਰੂਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ ਇਸ ਮੌਕੇ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸਜਾਏ ਗਏ ਧਾਰਮਿਕ ਦੀਵਾਨ ਵਿਚ ਹਜੂਰੀ ਰਾਗੀ ਜਥਾ ਗਿਆਨੀ ਸਿਕੰਦਰ ਸਿੰਘ, ਭਾਈ ਬਲਵਿੰਦਰ ਸਿੰਘ ਤੇ ਭਾਈ ਰਜਿੰਦਰ ਸਿੰਘ ਨੇ ਆਰਤੀ ਕੀਰਤਨ ਅਤੇ ਢਾਡੀ ਜੱਥਾ ਗਿਆਨੀ ਗੁਰਦਿਆਲ ਸਿੰਘ ਲੱਖ ਪੂਰੀਆ ਤੇ ਗਿਆਨੀ ਲਖਵਿੰਦਰ ਸਿੰਘ ਤੇ ਉਘੇ ਵਿਦਵਾਨ ਗਿਆਨੀ ਮੁਖਤਿਆਰ ਸਿੰਘ ਜੀ ਨੇ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਅਤੇ ਸੰਗੀਤ ਆਚਾਰਿਆ ਗਿਆਨੀ ਬਲਵੰਤ ਸਿੰਘ ਲਿਤਰਾ ਵਾਲਿਆ ਨੇ ਸੰਗਤਾਂ ਨੂੰ ਗੁਰੂ ਇਤਿਹ-ਾਸ ਅਤੇ ਗੁਰੂ ਸੰਦੇਸ਼ ਸਰਵਣ ਕਰਕੇ ਨਿਹਾਲ ਕੀਤਾ। ਸਟੇਜ ਸੰਚਾਲਨ ਕਰਦਿਆਂ, ਸ. ਜਸਪਾਲ ਸਿੰਘ ਢਿੱਲੋ ਅਤੇ ਸਿੱਖ ਵਿਦਵਾਨ ਗਿਆਨੀ ਰਣਧੀਰ ਸਿੰਘ ਸੰਭਲ, ਨੇ ਮੁੱਖ ਪ੍ਰਬੰਧਕ ਜਰਨੇਲ ਸਿੰਘ ਰਾਣਾ ਤੇ ਸਮੂਹ ਸੰਗਤਾ ਨੂੰ ਵਧਾਈ ਦਿੰਦਿਆਂ ਧੰਨਵਾਦ ਕੀਤਾ। ਇਸ ਮੌਕੇ ਗੁਰੂ ਘਰ ਦੇ ਹੈਡ ਗ੍ਰੰਥੀ ਗਿਆਨੀ ਸੁਖਚੈਨ ਸਿੰਘ ਨੇ ਕਿਹਾ ਅੱਜ ਦੇ ਸਮੇਂ, ਗੁਰੂ ਸਾਹਿਬ ਜੀ ਵੱਲੋਂ ਦਿੱਤੇ ਉਪਦੇਸ਼ ਨੂੰ ਸੰਗਤਾ ਤਾਈ ਅਪਣਾਉਣ ਦੀ ਅਤੀ ਲੋੜ ਹੈ ਅਤੇ ਵਿਸ਼ਵ ਭਰ ਵਿੱਚ ਸਤ ਗੁਰੂ ਜੀ ਦੇ ਉਦੇਸ਼ ਨੂੰ ਘਰ ਘਰ ਪ੍ਰਚਾਰਨਾ ਬਹੁਤ ਜਰੂਰੀ ਹੈ ਅਤੇ ਗੁਰੂ ਜੀ ਦੇ ਉਪਦੇਸ਼ ਨੂੰ ਧਾਰਨ ਕਰਕੇ ਹੀ ਸਾਡਾ ਪਾਰ ਉਤਾਰਾ ਹੋ ਸਕਦਾ ਹੈ। ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ।







ਭਾਈ ਸਿਕੰਦਰ ਸਿੰਘ ਤੇ ਸਾਥੀ ਕੀਰਤਨ ਕਰਦੇ ਹੋਏ । ਤਸਵੀਰਾਂ: ਸੁਖਜਿੰਦਰ ਸਿੰਘ ਢੱਡੇ

# ਗੁਰਦੁਆਰਾ ਸਿੰਘ ਸਭਾ ਡਾਰਵਿਨ ਨੌਰਦਨ ਟੈਰੇਟਰੀ ਵਿਖੇ ਗੁਰੂ ਨਾਨਕ ਸਾਹਿਬ ਜੀ ਦਾ ਪਾਵਨ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ

**ਐਡੀਲੇਡ (ਹਰਜਿੰਦਰ ਪਾਲ ਛਾਬੜਾ)** ਗੁਰਦੁਆਰਾ ਸਿੰਘ ਸਭਾ ਡਾਰਵਿਨ ਨੌਰਦਨ ਟੈਰੇਟਰੀ ਵਿਖੇ ਗੁਰੂ ਨਾਨਕ ਸਾਹਿਬ ਜੀ ਦਾ ਪਾਵਨ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ । ਜਿਸ ਵਿੱਚ ਉਚੇਚੇ ਤੌਰ ਤੇ ਪਹੁੰਚੇ ਗਿਆਨੀ ਹਰਜੀਤ ਸਿੰਘ ਜੀ ਤਰਨ ਤਾਰਨ ਵੱਲੋਂ ਕਥਾ ਵਿਚਾਰ ਕੀਤੀ ਗਈ ।ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਜਾਂਦਾ ਹੈ ਜਿਨ੍ਹਾਂ ਕਥਾ ਵੀਚਾਰ ਦੀ ਸੇਵਾ ਦਾ ਮੌਕਾ ਦੇ ਕੇ ਨਿਵਾਜਿਆ।

ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗਿਆਨੀ ਹਰਜੀਤ ਸਿੰਘ ਜੀ ਤਰਨ ਤਾਰਨ ਵਾਲਿਆਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਪਹੁੰਚੇ ਹੋਏ ਸਨ, ਰਾਗੀ ਜਥੇ ਸਮੇਤ, ਗ੍ਰੰਥੀ ਸਿੰਘ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।







# ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਗੁਰਪੁਰਬ ਤੇ ਮਨੁੱਖਤਾ ਦੇ ਭਲੇ ਲਈ ਖ਼ੂਨਦਾਨ ਕੈਂਪ ਲਾਇਆ

## ਹਰ ਤੰਦਰੁਸਤ ਇਨਸਾਨ ਨੂੰ ਤਿੰਨ ਮਹੀਨੇ ਬਾਅਦ ਖ਼ੂਨਦਾਨ ਕਰਨਾਂ ਚਾਹੀਦਾ ਹੈ-ਏ.ਸੀ.ਪੀ ਬੋਪਾਰਾਏ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਦਸ਼ਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਚਰਨ ਛੋਹ ਪ੍ਰਾਪਤ ਇਤਿਹ-ਾਸਕ ਗੁਰਦੁਆਰਾ ਰੇਰੂ ਸਾਹਿਬ ਪਾ: ਦਸਵੀਂ, ਸਾਹਨੇਵਾਲ ਵਿਖੇ ਜਗਤ ਗੁਰੂ ਨਾਨਕ ਦੇਵ ਮਹਾਰ-ਾਜ ਜੀ ਦੇ ਪ੍ਰਕਾਸ਼ ਗੁਰਪੁਰਬ ਦਿਹਾੜੇ ਨੂੰ ਸਮਰਪਿਤ ਗੁ: ਸਾਹਿਬ ਦੇ ਪ੍ਰਧਾਨ ਬਲਜੀਤ ਸਿੰਘ ਹਰਾ ਦੀ ਪ੍ਰੇਰਣਾ ਸਦਕਾ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਦੇ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਵੱਲੋਂ ਸੁਸਾਇਟੀ ਜਨਰਲ ਸਕੱਤਰ ਬਲਦੇਵ ਸਿੰਘ ਸੰਧੂ ਦੀ ਦੇਖ-ਰੇਖ ਹੇਠ 844ਵਾਂ ਮਹਾਨ ਖ਼ੂਨਦਾਨ ਕੈਂਪ ਪ੍ਰਧਾਨ ਬਲਜੀਤ ਸਿੰਘ ਹਰਾ, ਮਲਕੀਤ ਸਿੰਘ ਹਰਾ ਮੀਤ ਪ੍ਰਧਾਨ ਅਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪੂਰਨ ਸਹਿਯੋਗ ਨਾਲ ਲਗਾਇਆ ਗਿਆ। ਇਸ ਮਹਾਨ ਖ਼ੂਨਦਾਨ ਕੈਂਪ ਦਾ ਉਦਘਾਟਨ ਕਰਨ ਸਮੇਂ ਇੰਦਰਜੀਤ ਸਿੰਘ ਬੋਪਾਰਾਏ ਏ.ਸੀ.ਪੀ ਨੇ ਲੋੜਵੰਦ ਮਰੀਜ਼ਾਂ ਲਈ ਮਨੁੱਖਤਾ ਦੇ ਭਲੇ ਲਈ ਲਗਾਏ ਗਏ ਮਹਾਨ ਖ਼ੂਨਦਾਨ ਕੈਂਪ ਦੀ ਸ਼ਾਲਾਘਾ ਕਰਦਿਆਂ ਕਿਹਾ ਕਿ ਖ਼ੂਨਦਾਨ ਰਾਹੀਂ ਅਨੇਕਾਂ ਮਰੀਜ਼ਾਂ ਦੀਆਂ ਜ਼ਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ । ਹਰ ਤੰਦਰੁਸਤ ਇਨਸਾਨ ਨੂੰ ਤਿੰਨ







ਮਹੀਨੇ ਬਾਅਦ ਖ਼ੂਨਦਾਨ ਕਰਨਾ ਚਾਹੀਦਾ ਹੈ। ਇਸ ਮੌਕੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਨੇ ਮਨਪ੍ਰੀਤ ਸਿੰਘ ਮੰਗਾ, ਬਲਜਿੰਦਰ ਸਿੰਘ ਸਮੇਤ 70 ਖ਼ੂਨਦਾਨ ਕਰਨ ਵਾਲੇ ਨੌਜਵਾਨਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਸਰਟੀਫਿਕੇਟ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਬਾਬਾ ਮੇਜਰ ਸਿੰਘ ਕਾਰ- ਸੇਵਾ ਵਾਲਿਆਂ ਨੇ ਮਹਾਨ ਖ਼ੂਨਦਾਨ ਕੈਂਪ ਨੂੰ ਸਫਲ ਬਣਾਉਣ ਲਈ ਵਿਸ਼ੇਸ਼ ਸਹਿਯੋਗ ਦਿੱਤਾ। ਇਸ ਮੌਕੇ ਤੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਕਿਹਾ ਕਿ ਇਕੱਤਰ ਕੀਤਾ ਗਿਆ ਖੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਲੈ ਕੇ ਦਿੱਤਾ ਜਾਵੇਗਾ। ਇਸ ਮੌਕੇ ਤੇ ਪ੍ਰਭਦੀਪ ਸਿੰਘ ਸੇਖੋਂ, ਪਰਮਿੰਦਰ ਸਿੰਘ ਹਰਾ, ਜਸਵੀਰ ਸਿੰਘ ਸ਼ਹ ਸਿੰਘ, ਅਵਤਾਰ ਸਿੰਘ, ਕੁਲਦੀਪ ਸਿੰਘ ਦੀਪਾ, ਕੁਲਜੀਤ ਸਿੰਘ ਹਰਾ, ਯਾਦਵਿੰਦਰ ਸਿੰਘ ਸਾਹਨੇਵਾਲ, ਸਰਬਜੀਤ ਸਿੰਘ ਝਬਾਲ, ਬਹਾਦਰ ਸਿੰਘ ਢਿੱਲੋਂ, ਗੁਰਮੀਤ ਸਿੰਘ ਬੋਬੀ ਖਾਲਸਾ, ਸਰਬਜੀਤ ਸਿੰਘ ਸੋਹਲ, ਦਰਸ਼ਨ ਸਿੰਘ ਸਰੀਂਹ ਹਾਜ਼ਰ ਸਨ ।

# ਪ੍ਰਵਾਸੀ ਮਜ਼ਦੂਰਾਂ ਦੇ ਜੁਰਮਾਨੇ 'ਮਿਟਾਉਣ' ਵਾਲਾ ਕ੍ਰਾਈਮ ਫਿਕਸਰ ਕਾਬੂ

**ਲੈਸਟਰ (ਇੰਗਲੈਂਡ),(ਸੁਖਜਿੰਦਰ ਸਿੰਘ ਢੱਡੇ)**-ਬੀ ਬੀ ਸੀ ਦੀ ਇਕ ਗੁਪਤ ਜਾਂਚ ਦੌਰਾਨ ਇੱਕ ਵਿਅਕਤੀ, ਜੋ ਆਪਣੇ ਆਪ ਨੂੰ "ਅਕਾਊਂਟੈਂਟ" ਦੱਸਦਾ ਸੀ, ਨੂੰ ਕਾਬੂ ਕੀਤਾ ਗਿਆ ਹੈ। ਪਤਾ ਲੱਗਾ ਹੈ ਕਿ ਇਹ ਵਿਅਕਤੀ ਯੂ ਕੇ ਭਰ ਵਿੱਚ ਛੋਟੀਆਂ ਦੁਕਾਨਾਂ, ਬਾਰਬਰ ਸ਼ਾਪਾਂ ਅਤੇ ਕਾਰ ਵਾਸ਼ ਸੈਂਟਰਾਂ 'ਚ ਪ੍ਰਵਾਸੀ ਮਜ਼ਦੂਰਾਂ ਨੂੰ ਗੈਰਕਾਨੂੰਨੀ ਤੌਰ 'ਤੇ ਕੰਮ ਤੇ ਰੱਖਣ ਵਾਲੇ ਮਾਲਕਾਂ ਦੇ £60,000 ਤੱਕ ਦੇ ਜੁਰਮਾਨੇ "ਮਿਟਾਉਣ" ਦੀ ਪੇਸ਼ਕਸ਼ ਕਰ ਰਿਹਾ ਸੀ। ਬੀ ਬੀ ਸੀ ਦੇ ਅੰਡਰਕਵਰ ਰਿਪੋਰਟਰ ਨਾਲ ਗੱਲਬਾਤ ਦੌਰਾਨ, ਫਿਕਸਰ ਨੇ ਖੁਲਾਸਾ ਕੀਤਾ ਕਿ ਉਹ ਸਰਕਾਰੀ ਏਜੰਸੀਆਂ ਨੂੰ "ਉਲਝਾ" ਸਕਦਾ ਹੈ,ਅਤੇ ਮਾਲਕਾਂ 'ਤੇ ਲੱਗੇ ਜੁਰਮਾਨੇ ਹਟਾ ਸਕਦਾ ਹੈ। ਇਸ ਗੈਰਕਾਨੂੰਨੀ ਕਾਰੋਬਾਰ ਵਿੱਚ "ਘੋਸਟ ਡਾਇਰੈਕਟਰ", ਸ਼ੈੱਲ ਕੰਪਨੀਆਂ ਅਤੇ ਝੂਠੇ ਕਾਗਜ਼ਾਤ ਦੀ ਵਰਤੋਂ ਕੀਤੀ ਜਾਂਦੀ ਹੈ। ਯੂਕੇ ਸਰਕਾਰ ਮੁਤਾਬਕ, ਕਿਸੇ ਵੀ ਗੈਰਕਾਨੂੰਨੀ ਮਜ਼ਦੂਰ ਨੂੰ ਰੱਖਣ 'ਤੇ ਮਾਲਕ 'ਤੇ ਪ੍ਰਤੀ ਮਜ਼ਦੂਰ £60,000 ਦਾ ਜੁਰਮਾਨਾ ਲੱਗਦਾ ਹੈ। ਇਸ ਖੁਲਾਸੇ ਨਾਲ ਸਾਬਤ ਹੋਇਆ ਕਿ ਪ੍ਰਵਾਸੀ ਮਜ਼ਦੂਰਾਂ ਦੀ ਸ਼ੋਸ਼ਣ ਕਰਨ ਵਾਲੀਆਂ ਗੈਰਕਾਨੂੰਨੀ ਲੇਬਰ ਚੇਨਾਂ ਹਾਲੇ ਵੀ ਸਰਗਰਮ ਹਨ। ਸਰਕਾਰੀ ਏਜੰਸੀਆਂ ਨੇ ਖ਼ਬਰ ਆਉਣ ਤੋਂ ਬਾਅਦ ਜਾਂਚ ਸ਼ੁਰੂ ਕਰ ਦਿੱਤੀ ਹੈ, ਹਾਲਾਂਕਿ ਇਸ ਫਿਕਸਰ ਜਾਂ ਇਸ ਦੇ ਨੈੱਟਵਰਕ ਖ਼ਿਲਾਫ਼ ਅਜੇ ਤੱਕ ਕਿਸੇ ਗ੍ਰਿਫ਼ਤਾਰੀ ਜਾਂ ਮੁਕੱਦਮੇ ਦੀ ਪੁਸ਼ਟੀ ਨਹੀਂ ਹੋਈ। ਇਹ ਖੁਲਾਸਾ ਯੂਕੇ ਵਿੱਚ ਪ੍ਰਵਾਸੀ ਮਜ਼ਦੂਰਾਂ ਦੀ ਹਾਲਤ ਅਤੇ ਸਰਕਾਰੀ ਨਿਯਮਾਂ ਦੀ ਪ੍ਰਭਾਵਸ਼ੀਲਤਾ 'ਤੇ ਚਿੰਤਾ ਦਾ ਇਸ਼ਾਰਾ ਦਿੰਦਾ ਹੈ।

# ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਦੁੱਗਰੀ, ਫੇਸ-1 ਵਿਖ਼ੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ

## ਹਰ ਇਨਸਾਨ ਖ਼ੂਨਦਾਨ ਕਰਨ ਵਿੱਚ ਆਪਣੀ ਮੋਹਰੀ ਭੂਮਿਕਾ ਨਿਭਾਵੇ - ਕੁਲਵਿੰਦਰ ਸਿੰਘ ਬੈਨੀਪਾਲ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਇਨਸਾਨੀਅਤ ਕਦਰਾਂ ਕੀਮਤਾਂ ਤੇ ਪਹਿਰਾ ਦੇਣਾ ਅਤੇ ਆਪਣੀ ਉਸਾਰੂ ਸੋਚ ਨੂੰ ਮਨੁੱਖੀ ਭਲਾਈ ਕਾਰਜਾਂ ਵਿੱਚ ਲਗਾਉਣਾ ਹੀ ਸੱਚੀ ਮਨੁੱਖੀ ਸੇਵਾ ਹੈ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ੍ਰ: ਕੁਲਵਿੰਦਰ ਸਿੰਘ ਬੈਨੀਪਾਲ ਮੁੱਖ ਸੇਵਾਦਾਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ ਫੇਸ-1, ਨੇੜੇ ਸੀ.ਆਰ.ਪੀ ਕਲੋਨੀ, ਦੁੱਗਰੀ, ਲੁਧਿਆਣਾ ਨੇ ਗੁਰੂ ਨਾਨਕ ਚੈਰੀਟੇਬਲ ਹਸਪਤਾਲ ਲੁਧਿਆਣਾ ਦੇ ਵੱਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਨਿੱਘੇ ਸਹਿਯੋਗ ਨਾਲ ਜਗਤ ਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲਗਾਏ ਗਏ ਮਹਾਨ ਖ਼ੂਨਦਾਨ ਕੈਂਪ ਦਾ ਰਸਮੀ ਉਦਘਾਟਨ ਕਰਨ ਉਪਰੰਤ ਇਕੱਤਰ ਹੋਈਆਂ ਪ੍ਰਮੁੱਖ ਸ਼ਖਸੀਅਤਾਂ ਤੇ ਖ਼ੂਨਦਾਨ ਕਰਨ ਵਾਲੇ ਵਿਅਕਤੀਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਕੀਤਾ । ਉਨ੍ਹਾਂ ਨੇ ਕਿਹਾ ਕਿ ਖ਼ੂਨਦਾਨ ਇੱਕ ਮਹਾਂਦਾਨ ਹੈ, ਜੋ ਕਿ ਕਈ ਕੀਮਤੀ ਮਨੁੱਖੀ ਜ਼ਿੰਦਗੀਆਂ ਨੂੰ ਸੁਰੱਖਿਅਤ ਰੱਖਣ



ਵਿੱਚ ਸਹਾਈ ਸਿੱਧ ਹੁੰਦਾ ਹੈ । ਇਸ ਲਈ ਹਰ ਇਨਸਾਨ ਨੂੰ ਇੱਕ ਵਲੰਟੀਅਰ ਦੇ ਰੂਪ ਵਜੋਂ ਖ਼ੂਨਦਾਨ ਕਰਨ ਵਿੱਚ ਆਪਣੀ ਮੋਹਰੀ ਭੂਮਿਕਾ ਨਿਭਾਉਣੀ ਚਾਹੀਦੀ ਹੈ । ਇਸ ਦੌਰਾਨ ਮਹਾਨ ਖ਼ੂਨਦਾਨ ਦੀ ਆਰੰਭਤਾ ਗੁਰਦੁਆਰਾ ਸਾਹਿਬ ਦੇ ਚੇਅਰਮੈਨ ਬਲਜੀਤ ਸਿੰਘ ਸੇਠੀ ਅਤੇ ਗੁਰਦੀਪ ਸਿੰਘ ਕਾਲੜਾ ਨੇ ਆਪਣਾ ਖ਼ੂਨਦਾਨ ਭੇਟ ਕਰਕੇ ਕਰਵਾਈ। ਇਸ ਮੌਕੇ ਕੈਂਪ ਦੇ ਮੁੱਖ ਪ੍ਰਬੰਧਕਾਂ ਸ੍ਰ: ਕੁਲਵਿੰਦਰ ਸਿੰਘ ਬੈਨੀਪਾਲ ਤੇ ਗੁਰੂ ਨਾਨਕ ਚੈਰੀਟੇਬਲ ਹਸਪਤਾਲ ਦੇ ਬਲੱਡ ਬੈਂਕ ਦੇ ਹੈਡ ਸ਼੍ਰੀ ਕ੍ਰਿਸ਼ਨ ਕੁਮਾਰ ਨੇ ਜਾਣਕਾਰੀ ਦੇਂਦਿਆਂ ਹੋਇਆਂ ਕਿਹਾ ਕਿ ਲਗਾਏ ਗਏ ਉਕਤ ਖ਼ੂਨਦਾਨ ਕੈਂਪ ਵਿੱਚ 70 ਦੇ ਕਰੀਬ ਖ਼ੂਨਦਾਨੀਆਂ ਨੇ ਮਨੁੱਖੀ ਜੀਵਨ ਬਚਾਉਣ ਲਈ ਆਪਣਾ ਖ਼ੂਨਦਾਨ ਕੀਤਾ, ਜੋ ਕਿ ਗੁਰੂ ਨਾਨਕ ਚੈਰੀਟੇਬਲ ਹਸਪਤਾਲ ਦੀ ਬਲੱਡ ਟੀਮ ਵੱਲੋ ਇਕੱਤਰ ਕੀਤਾ ਗਿਆ । ਇਸ ਦੌਰਾਨ ਸ੍ਰ: ਕੁਲਵਿੰਦਰ ਸਿੰਘ ਬੈਨੀਪਾਲ ਮੁੱਖ ਸੇਵਾਦਾਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਫੇਸ-1, ਵੱਲੋਂ ਕੈਂਪ ਵਿੱਚ ਪਹੁੰਚਣ ਵਾਲੇ ਸਮੂਹ ਪੰਤਵੰਤੇ ਸੱਜਣਾਂ, ਖ਼ੂਨ ਦਾਨ ਕਰਨ ਵਾਲੇ ਦਾਨੀਆਂ ਤੇ ਬਲੱਡ ਬੈਂਕ ਦੀ ਟੀਮ ਦੇ ਮੈਂਬਰਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ । ਇਸ ਸਮੇਂ ਉਨ੍ਹਾਂ ਦੇ ਨਾਲ ਚੇਅਰਮੈਨ ਬਲਜੀਤ ਸਿੰਘ ਸੇਠੀ, ਸੀਨੀਅਰ ਮੈਂਬਰ ਪਰਮਿੰਦਰ ਸਿੰਘ, ਕਰਤਾਰ ਸਿੰਘ ਬਰਾੜ, ਦਰਸ਼ਨ ਸਿੰਘ, ਜਗਮੋਹਨ ਸਿੰਘ, ਸਰਬਜੀਤ ਸਿੰਘ ਚਗਰ, ਮਲਕੀਤ ਸਿੰਘ, ਯਸਪਾਲ ਸਿੰਘ, ਗੁਰਦੀਪ ਸਿੰਘ ਕਾਲੜਾ, ਰਜਿੰਦਰ ਸਿੰਘ ਭਾਟੀਆ, ਸੁਖਵਿੰਦਰ ਪਾਲ ਸਿੰਘ, ਚਰਨਜੀਤ ਸਿੰਘ ਪਾਇਲ, ਹਰਨੇਕ ਸਿੰਘ, ਮਨਜੀਤ ਸਿੰਘ ਪਾਇਲ, ਗੁਰਚਰਨ ਸਿੰਘ, ਹਰਨੇਕ ਸਿੰਘ, ਪਰਮਜੀਤ ਸਿੰਘ, ਅਮਰਜੀਤ ਸਿੰਘ, ਬਲਬੀਰ ਸਿੰਘ, ਡਾਕਟਰ ਪ੍ਰੇਮ ਸਿੰਘ ਚਾਵਲਾ, ਤਰਲੋਕ ਸਿੰਘ ਸਚਦੇਵਾ, ਜਗਜੀਵਨ ਸਿੰਘ ਸੋਹਨ-ਪਾਲ, ਵੀਰਨਜੀਤ ਸਿੰਘ ਸੋਹਨਪਾਲ, ਦਰਸਨ ਸਿੰਘ ਸੋਹਨਪਾਲ, ਵਰਿੰਦਰ ਮੋਹਨ ਸਿੰਘ, ਜਗਜੀਤ ਸਿੰਘ, ਤਰਲੋਕ ਸਿੰਘ, ਮਨਿੰਦਰ ਸਿੰਘ, ਜਸਵਿੰਦਰ ਸਿੰਘ, ਹਰਪਾਲ ਸਿੰਘ, ਚਮਨ ਸਿੰਘ, ਕਰਮ ਸਿੰਘ, ਤਜਿੰਦਰ ਸਿੰਘ ਆਦਿ ਹਾਜ਼ਰ ਸਨ ।

# ਬ੍ਰਿਟਿਸ਼ ਫੌਜ ਦੇ ਅਧਿਕਾਰੀਆਂ ਵੱਲੋਂ ਨਾਇਕ ਗਿਆਨ ਸਿੰਘ ਦੇ ਪਰਿਵਾਰਕ ਮੈਂਬਰਾਂ ਦਾ ਸਨਮਾਨ

**●ਵਫ਼ਦ ਵੱਲੋਂ ਸਾਰਾਗੜ੍ਹੀ ਜੰਗ ਦੇ ਸ਼ਹੀਦਾਂ ਦੀਆਂ ਯਾਦਗਾਰਾਂ ’ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ : ਮੇਜਰ ਜਨਰਲ ਜੋਹਨ ਕੈਂਡਲ ●ਨਾਇਕ ਗਿਆਨ ਸਿੰਘ ਨੇ ਬਰਮਾ ਦੀ ਲੜਾਈ ’ਚ ਬਹਾਦਰੀ ਦੀ ਮਿਸਾਲ ਕਾਇਮ ਕੀਤੀ**

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਸਾਰਾਗੜ੍ਹੀ ਦੀ ਲੜਾਈ ਦੇ 128ਵੇਂ ਸਲਾਨਾ ਸਮਾਰੋਹ ਦੇ ਮੱਦੇਨਜ਼ਰ ਬਰਤਾਨਵੀ ਫੌਜ ਦੇ ਮੇਜਰ ਜਨਰਲ ਜੋਹਨ ਕੈਂਡਲ ਦੀ ਅਗਵਾਈ ਵਿੱਚ ਪੰਜਾਬ ਆਏ 12 ਮੈਂਬਰੀ ਵਫ਼ਦ ਨੇ ਜਾਡਲਾ ਪਹੁੰਚ ਕੇ ਬ੍ਰਿਟਿਸ਼ ਆਰਮੀ ਵਿੱਚ ਬਹਾਦਰੀ ਦੀ ਲਾਸਾਨੀ ਮਿਸਾਲ ਕਾਇਮ ਕਰਨ ਵਾਲੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਨਾਲ ਸਬੰਧਤ ਨਾਇਕ ਗਿਆਨ ਸਿੰਘ ਦੇ ਪਰਿਵਾਰਕ ਮੈਂਬਰਾਂ ਦਾ ਸਨਮਾਨ ਕੀਤਾ। ਇਕ ਸਾਦੇ ਅਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਬਰਤਾਨਵੀ ਫੌਜ ਦੇ ਵਫ਼ਦ ਨੇ ਦੂਸਰੇ ਵਿਸ਼ਵ ਯੁੱਧ ਦੌਰਾਨ 1945 ਵਿੱਚ ਬਰਮਾ ਦੀ ਲੜਾਈ ਵਿੱਚ ਬ੍ਰਿਟਿਸ਼ ਆਰਮੀ ਲਈ ਸੇਵਾਵਾਂ ਦੇ ਰਹੇ ਨਾਇਕ ਗਿਆਨ ਸਿੰਘ ਦੇ ਪੁੱਤਰ ਹਰਜਿੰਦਰ ਸਿੰਘ ਨੂੰ ਯਾਦਗਾਰੀ ਚਿੰਨ੍ਹ ਨਾਲ ਸਨਮਾਨਦਿਆਂ ਕਿਹਾ ਕਿ ਨਾਇਕ ਗਿਆਨ ਸਿੰਘ ਨੂੰ ਬਰਤਾਨਵੀ ਫੌਜ ਦੇ ਸਰਵੋਤਮ ਬਹਾਦਰੀ ਐਵਾਰਡ ‘ਵਿਕਟੋਰੀਆ ਕਰਾਸ’ ਹਾਸਲ ਕਰਨ ਦਾ ਮਾਣ ਪ੍ਰਾਪਤ ਹੋਇਆ ਸੀ। ਮੇਜਰ ਜਨਰਲ ਜੋਹਨ ਕੈਂਡਲ ਨੇ ਕਿਹਾ ਕਿ ਵਫ਼ਦ ਲਈ ਇਹ ਮਾਣ ਵਾਲੀ ਗੱਲ ਹੈ ਕਿ ਬਹਾਦਰੀ ਦੀ ਵਿਲੱਖਣ ਮਿਸਾਲ ਕਾਇਮ ਕਰਕੇ ਵਿਕਟੋਰੀਆ ਕਰਾਸ ਹਾਸਲ ਕਰਨ ਵਾਲੇ ਨਾਇਕ ਦੇ ਪਰਿਵਾਰ ਦਾ ਸਨਮਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਫ਼ਦ ਵੱਲੋਂ ਸਾਰਾਗੜ੍ਹੀ ਜੰਗ ਦੌਰਾਨ ਸ਼ਹਾਦਤ ਪਾਉਣ ਵਾਲੇ 21 ਸੂਰਵੀਰ ਯੋਧਿਆਂ ਦੇ ਸਨਮਾਨ ਵਜੋਂ





ਬਰਤਾਨਵੀ ਫੌਜ ਦੇ ਅਧਿਕਾਰੀ ਨਾਇਕ ਗਿਆਨ ਸਿੰਘ ਦੇ ਪਰਿਵਾਰਕ ਮੈਂਬਰਾਂ ਦਾ ਸਨਮਾਨ ਕਰਦੇ ਹੋਏ।

ਸ਼ਹੀਦਾਂ ਦੀਆਂ ਯਾਦਗਾਰਾਂ ’ਤੇ ਪਹੁੰਚ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ।ਮੇਜਰ ਜਨਰਲ ਜੋਹਨ ਕੈਂਡਲ ਨੇ ਕਿਹਾ ਕਿ ਸਾਰਾਗੜ੍ਹੀ ਦੀ ਲੜਾਈ ਸਿੱਖਾਂ ਦੀ ਬਹਾਦਰੀ ਦਾ ਪ੍ਰਤੱਖ ਪ੍ਰਮਾਣ ਹੈ, ਜਿਸ ਦੌਰਾਨ 21 ਯੋਧਿਆਂ ਨੇ 10 ਹਜ਼ਾਰ ਅਫ਼ਗਾਨੀਆਂ ਦਾ ਬਹਾਦਰੀ ਨਾਲ ਮੁਕਾਬਲਾ ਕਰਦਿਆਂ ਆਖਰੀ ਦਮ ਤੱਕ ਲੜਦੇ ਹੋਏ ਸ਼ਹੀਦੀਆਂ ਪ੍ਰਾਪਤ ਕੀਤੀਆਂ। ਸਾਰਾਗੜ੍ਹੀ ਫਾਊਂਡੇਸ਼ਨ ਦੇ ਚੇਅਰਮੈਨ ਗੁਰਿੰਦਰਪਾਲ ਸਿੰਘ ਜੋਸ਼ਨ ਨੇ ਸਾਰਾਗੜ੍ਹੀ ਦੀ ਲੜਾਈ ਬਾਰੇ ਇਤਿਹਾਸਕ ਪਹਿਲੂਆਂ ’ਤੇ ਚਾਨਣਾ ਪਾਇਆ। ਨਾਇਕ ਗਿਆਨ ਸਿੰਘ ਦੇ ਪਰਿਵਾਰਕ ਮੈਂਬਰਾਂ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਮੌਕੇ ’ਤੇ ਸ਼ਾਮਲ ਲੋਕਾਂ ਨੇ ਵਫ਼ਦ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਵਫ਼ਦ ਵਿੱਚ ਸੀ.ਪੀ.ਐਲ. ਰੰਜੀਵ ਸਾਂਗਵਾਨ, ਸਰਬਜੀਤ ਸਿੰਘ, ਸਕੁਐਡਨ ਲੀਡਰ ਮਨਦੀਪ ਕੌਰ, ਮੇਜਰ ਹਿਨਾ ਮੋਰਜਾਰੀਆ, ਮੇਜਰ ਮੁਨੀਸ਼ ਚੌਹਾਨ, ਲੈਂਫਟੀਨੈਂਟ ਕਰਨਲ ਐਲਿਸ ਆਰਚਰ, ਅਸ਼ੋਕ ਚੌਹਾਨ, ਕੈਪਟਨ ਕਮਲਦੀਪ ਸਿੰਘ ਸੰਧੂ, ਸਿਮਰਨਜੀਤ ਸਿੰਘ, ਅਨਿਕੇਤ ਸ਼ਾਹ, ਸਾਰਜੈਂਟ ਜਸਪਿੰਦਰਜੀਤ ਸਿੰਘ ਸ਼ਾਮਲ ਸਨ। ਇਸ ਮੌਕੇ ਸਹਾਇਕ ਕਮਿਸ਼ਨਰ ਜਗਦੀਪ ਸਿੰਘ, ਜ਼ਿਲ੍ਹਾ ਸੈਨਿਕ ਭਲਾਈ ਅਫ਼ਸਰ ਲੈਂਫਟੀਨੈਂਟ ਕਰਨਲ ਸਰਬਜੀਤ ਸਿੰਘ ਸੈਣੀ, ਚਮਨ ਲਾਲ ਪਵਾਰ ਆਦਿ ਵੀ ਵਿਸ਼ੇਸ਼ ਤੌਰ ’ਤੇ ਮੌਜੂਦ ਸਨ।

# ਰੋਟਰੀ ਕਲੱਬ ਬੰਗਾ ਵੱਲੋਂ ਬਲੱਡ ਸੈਂਟਰ ਢਾਹਾਂ ਕਲੇਰਾਂ ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਵੈ-ਇਛੁੱਕ ਖ਼ੂਨਦਾਨ ਕੈਂਪ

**ਨਵਾਂਸ਼ਹਿਰ /ਬੰਗਾ (ਜਤਿੰਦਰ ਪਾਲ ਸਿੰਘ ਕਲੇਰ )** ਰੋਟਰੀ ਕਲੱਬ ਬੰਗਾ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਵੈ-ਇਛੁੱਕ ਖ਼ੂਨਦਾਨ ਕੈਂਪ ਅੱਜ ਬਲੱਡ ਸੈਂਟਰ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਲਗਾਇਆ । ਜਿੱਥੇ 21 ਖ਼ੂਨਦਾਨੀ ਵਲੰਟੀਅਰਾਂ ਨੇ ਖ਼ੂਨਦਾਨ ਕੀਤਾ । ਇਸ ਮੌਕੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ, ਰੋਟਰੀ ਕਲੱਬ ਬੰਗਾ ਦੇ ਪ੍ਰਧਾਨ ਸ੍ਰੀ ਪਵੀਨ ਕੁਮਾਰ ਅਤੇ ਪ੍ਰੌਜੈਕਟ ਡਾਇਰੈਕਟਰ ਇਕਬਾਲ ਸਿੰਘ ਬਾਜਵਾ ਨੇ ਖ਼ੂਨਦਾਨ ਦੀ ਮਾਹਨਤਾ ਬਾਰੇ ਜਾਗਰੂਕ ਕੀਤਾ । ਉਹਨਾਂ ਕਿਹਾ ਕਿ ਖ਼ੂਨਦਾਨ ਸੰਸਾਰ ਦਾ ਸਭ ਤੋਂ ਉੱਤਮ ਦਾਨ ਹੈ ਤੇ ਦਾਨ ਵਿਚ ਦਿੱਤਾ ਹੋਇਆ ਖ਼ੂਨ ਅਨੇਕਾਂ ਕੀਮਤੀ ਮਨੁੱਖੀ ਜਾਨਾਂ ਬਚਾਉਣ ਦੇ ਕੰਮ ਆਉਂਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਖ਼ੂਨਦਾਨ ਬਾਰੇ ਆਮ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਦੀ ਬਹੁਤ ਲੋੜ ਹੈ ਤਾਂ ਜੋ ਨਵੀਂ ਪੀੜ੍ਹੀ ਨੂੰ ਖ਼ੂਨਦਾਨ ਦੀ ਮਹੱਤਤਾ ਬਾਰੇ




**ਬਲੱਡ ਸੈਂਟਰ ਢਾਹਾਂ ਕਲੇਰਾਂ ਵਿੱਚ ਲੱਗੇ ਸਵੈ-ਇਛੁੱਕ ਖ਼ੂਨਦਾਨ ਕੈਂਪ ਵਿਚ ਖ਼ੂਨਦਾਨੀਆਂ ਸ. ਇਕਬਾਲ ਸਿੰਘ ਬਾਜਵਾ (80 ਵੀਂ ਵਾਰ) ਅਤੇ ਸ੍ਰੀ ਰਾਜ ਕੁਮਾਰ ਬਜਾੜ (10 ਵੀਂ ਵਾਰ) ਦੀ ਹੌਂਸਲਾ ਅਫਜ਼ਾਈ ਕਰਦੇ ਹੋਏ ਪਤਵੰਤੇ ਸੱਜਣ।**

ਪਤਾ ਲੱਗ ਸਕੇ ਕਿਉਂਕਿ ਇਹ ਮਾਨਵਤਾ ਦੀ ਨਿਸ਼ਕਾਮ ਸੇਵਾ ਹੈ । ਇਸ ਮੌਕੇ ਉਹਨਾਂ ਨੇ ਖ਼ੂਨਦਾਨੀਆਂ ਨੂੰ ਯਾਦ ਚਿੰਨ੍ਹ ਅਤੇ ਸਨਮਾਨ ਪੱਤਰ ਦੇ ਕੇ ਵੀ ਸਨਮਾਨਿਤ ਕੀਤਾ । ਇਸ ਮੌਕੇ ਖ਼ੂਨਦਾਨੀਆਂ ਦੀਆਂ ਹੌਸਲਾ ਅਫਜ਼ਾਈ ਅਤੇ ਸੇਵਾ ਸੰਭਾਲ ਲਈ ਸਾਬਕਾ ਲੈਫਟੀਨੈਂਟ ਕਰਨਲ ਸ. ਸ਼ਰਨਜੀਤ ਸਿੰਘ ਮੀਤ ਪ੍ਰਧਾਨ ਰੋਟਰੀ ਕਲੱਬ ਬੰਗਾ, ਸ੍ਰੀ ਨਿਤਨ ਦੁੱਗਲ ਸੈਕਟਰੀ, ਰਿਜਨਲ ਚੇਅਰ ਐਂਡ ਪੋਲੀਓ ਸ੍ਰੀ ਰਾਜ ਕੁਮਾਰ ਬਜਾੜ, ਪ੍ਰੌਜੈਕਟ ਡਾਇਰੈਕਟਰ ਇਕਬਾਲ ਸਿੰਘ ਬਾਜਵਾ, ਪ੍ਰਿੰਸੀਪਲ ਗੁਰਜੰਟ ਸਿੰਘ ਸਾਬਕਾ ਪ੍ਰਧਾਨ, ਸ੍ਰੀ ਵਿਜੈ ਗੁਣਾਚੌਰ, ਸ. ਗੁਰਿੰਦਰਜੀਤ ਸਿੰਘ ਕੈਨੇਡਾ, ਸ੍ਰੀ ਅਮਨਦੀਪ ਸਿੰਘ ਐਸ.ਡੀ.ਐਮ. ਦਫਤਰ, ਸ੍ਰੀ ਸੁਨੀਲ ਕੁਮਾਰ, ਸ੍ਰੀ ਰਾਜ ਭੰਮਰਾ, ਮੈਡਮ ਕੁਸਮ ਕੌਰ, ਸ੍ਰੀ ਇੰਦਰਜੀਤ ਸਿੰਘ ਸ੍ਰੀ ਬਲਰਾਮ ਚੋਧਰੀ ਬੱਬਲੂ ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ, ਡਾ ਰਾਹੁਲ ਗੋਇਲ ਬੀ ਟੀ ਉ, ਸ. ਮਹਿੰਦਰਪਾਲ ਸਿੰਘ ਦਫ਼ਤਰ ਸੁਪਰਡੈਂਟ, ਸ੍ਰੀ ਮਨਜੀਤ ਸਿੰਘ ਬੇਦੀ ਇੰਚਾਰਜ ਬਲੱਡ ਬੈਂਕ, ਸ੍ਰੀ ਹਿਮਾਸ਼ੂ ਟੈਕਨੀਸ਼ੀਅਨ ਵੀ ਹਾਜ਼ਰ ਸਨ। ਵਰਨਣਯੋਗ ਹੈ ਕਿ ਕੈਂਪ ਵਿਚ ਸ. ਇਕਬਾਲ ਸਿੰਘ ਬਾਜਵਾ 80 ਵੀਂ ਵਾਰ ਅਤੇ ਸ੍ਰੀ ਰਾਜ ਕੁਮਾਰ ਬਜਾੜ 10 ਵੀਂ ਵਾਰ ਖ਼ੂਨਦਾਨ ਕਰਕੇ ਖ਼ੂਨਦਾਨੀਆਂ ਦੇ ਪ੍ਰੇਰਣਾ ਸਰੋਤ ਬਣੇ।

# ਪ੍ਰਸਿੱਧ ਵਕੀਲ ਮੈਡਮ ਕਵਿਤਾ ਵੱਲੋਂ ਆਪਣੇ ਜਨਮ-ਦਿਨ ਮੌਕੇ ਡਿਸਟਰਿਕਟ ਬਾਰ ਵਿਖੇ ਬਲੱਡ ਡੋਨੇਸ਼ਨ ਕੈਂਪ ਲਗਾਇਆ ਗਿਆ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪ੍ਰਸਿੱਧ ਵਕੀਲ ਮੈਡਮ ਕਵਿਤਾ ਵੱਲੋਂ ਆਪਣੇ ਜਨਮ-ਦਿਨ ਮੌਕੇ ਡਿਸਟਰਿਕਟ ਬਾਰ ਰੂਮ ਲੁਧਿਆਣਾ ਵਿਖੇ ਬਲੱਡ ਡੋਨੇਸ਼ਨ ਕੈਂਪ ਲਗਾਇਆ ਗਿਆ । ਮੈਡਮ ਕਵਿਤਾ ਨੇ ਦੱਸਿਆ ਕਿ ਮੈਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਖ਼ੂਨਦਾਨ ਕੈਂਪ ਲਗਾਇਆ ਹੈ । ਇਸ ਕੈਂਪ ਵਿੱਚ ਵਕੀਲ ਭਾਈਚਾਰਾ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ । ਇਸ ਕੈਂਪ ਵਿੱਚ ਅਸ਼ਵਨੀ ਸੂਰੀ ਨੈਸ਼ਨਲ ਪ੍ਰਧਾਨ ਹਿੰਦੂ ਸੇਨਾ ਨੇ ਖਾਸ ਤੌਰ ਤੇ ਸ਼ਿਰਕਤ ਕੀਤੀ । ਮੈਡਮ ਕਵਿਤਾ ਨੇ ਕਿਹਾ ਕਿ ਹਰੇਕ ਤੰਦਰੁਸਤ ਇਨਸਾਨ ਨੂੰ ਸਾਲ ਵਿੱਚ ਦੋ ਵਾਰ ਖ਼ੂਨ ਦਾਨ ਕਰਨਾ ਚਾਹੀਦਾ ਹੈ, ਇਸ ਨਾਲ ਇਨਸਾਨ ਤੰਦਰੁਸਤ ਰਹਿੰਦਾ ਹੈ। ਉਹਨਾਂ ਦੱਸਿਆ ਕਿ ਖ਼ੂਨਦਾਨ ਮਹਾਨ ਦਾਨ ਹੈ, ਕਿਉਂਕਿ ਇਸ ਨਾਲ ਵਿਅਕਤੀ ਦੀ ਜਾਨ ਬਚਾਈ ਜਾ ਸਕਦੀ ਹੈ ।

for more news visit:
www.samajweekly.com

## ਧੂਰੀ ਦੀ ਸਾਹਿਤਕ ਲਹਿਰ ਵਿੱਚ

ਪੰਜਾਬੀ ਸਾਹਿਤ ਸਭਾ ਦੇ ਘਰ ਵਿੱਚ ਅੱਠ ਨਵੰਬਰ ਨੂੰ ,
ਰਲ ਮਿਲ ਕਵਿਤਾ ਤੇ ਵਾਰਤਕ ਦੀਆਂ ਗੱਲਾਂ ਹੋਣਗੀਆਂ।
ਪੰਜਾਬ ਦੀ ਮਿੱਟੀ ਪਾਣੀ ਹਵਾ ਤੇ ਨੀਲੇ ਅੰਬਰ ਨੂੰ ,
ਰਲ ਮਿਲ ਕਵਿਤਾ ਤੇ ਵਾਰਤਕ ਦੀਆਂ ਗੱਲਾਂ ਹੋਣਗੀਆਂ।
ਮਿੱਤਰੋ ਸਾਰੇ ਹੀ ਆਇਓ ਕਰਨ ਲਈ ਤੇ ਸੁਣਨ ਲਈ ,
ਕਿਉਂਕਿ ਮੇਲੇ ਸਾਥੀਆਂ ਨਾਲ਼ ਹੀ ਸੋਹਣੇ ਲਗਦੇ ਨੇ ;
ਰੀਝਾਂ ਨਾ ਪੜ੍ਹਾਂ ਸੁਣਾਂਗੇ ਇੱਕ ਦੂਜੇ ਦੇ ਅੰਦਰ ਨੂੰ ,
ਰਲ ਮਿਲ ਕਵਿਤਾ ਤੇ ਵਾਰਤਕ ਦੀਆਂ ਗੱਲਾਂ ਹੋਣਗੀਆਂ।

**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ।
9914836037



## ਪੱਗ

ਅਮ੍ਰਿਤ ਛਕ ਕੇ ਹੋ ਜਾਦੇ ਆ
ਰੁਤਬੇ ਉੱਚੇ
ਵਿਚ ਮਰਿਯਾਦਾ ਰਹਿਣਾ ਪੈਂਦਾ
ਪੱਗ ਬੰਨ ਸਿਰ ਉੱਤੇ
ਧੂੜ ਸੰਗਤਾ ਦੇ ਚਰਨਾਂ ਦੀ
ਫੱਕਣੀ ਪੈਂਦੀ ਐ
ਸਿਰ ਪੱਗ ਬੰਨਕੇ ਲਾਜ ਪੱਗ ਦੀ
ਰੱਖਣੀ ਪੈਂਦੀ ਐ
ਦਿਲ ਦੇ ਵਿਚੋ ਕੱਢਣੀ ਪੈਣੀ
ਖਾਰ ਈਰਖਾਂ
ਦਿਖਾਉਣੀ ਪੈਣੀ ਵਿਚ ਮੈਦਾਨੇ
ਆਣ ਵੀਰਤਾ
ਮਿਲਦੀ ਨਹੀਂ ਸਰਦਾਰੀ
ਉਂਝ ਖੱਟਣੀ ਪੈਂਦੀ ਐ
ਸਿਰ ਪੱਗ ਬੰਨਕੇ ਲਾਜ ਪੱਗ ਦੀ
ਰੱਖਣੀ ਪੈਂਦੀ ਐ
ਖ਼ਤਮ ਕਰਨ ਲਈ ਜ਼ੁਲਮ
ਜ਼ਾਲਮ ਨਾਲ ਲੜਨਾਂ ਪੈਣਾ
ਫਲਸਫ਼ਾ ਗੁਰਮੀਤ ਸਿੱਖ਼ੀ ਦਾ
ਪੜਨਾਂ ਪੈਣਾਂ
ਲੋਕ ਪ੍ਰਤੀ ਮੈਲ ਦਿਲਾਂ ਚੋਂ
ਕੱਢਣੀ ਪੈਂਦੀ ਆ
ਸਿਰ ਪੱਗ ਬੰਨਕੇ ਲਾਜ ਪੱਗ
ਦੀ ਰੱਖਣੀ ਪੈਂਦੀ ਆ



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**

## ਕਵਿਤਾ



ਨਾਂ ਮੈਂ ਹਿੰਦੂ ਨਾ ਹੀ ਮੁਸਲਿਮ ਨਾ ਹੀ ਮੈਂ ਈਸਾਈ।
ਨਾ ਮੈਂ ਸਿੱਖ ਹਾਂ ਪਰ ਸਿੱਖਦਾ ਹਾਂ ਗੁਰੂਆਂ ਦੀ ਦਿੱਤੀ ਪੜਾਈ।
ਪਰ ਮੈਂ ਬੰਦਾ ਬਣ ਨਹੀਂ ਸਕਿਆ, ਕਿਉਂ ਤੂੰ ਕਿਰਪਾ ਲੁਕਾਈ।
ਜੇ ਤੂੰ ਕੁਛ ਕਰ ਨਹੀਂ ਸਕਦਾ ਕਿਉਂ ਤੂੰ ਦੁਨੀਆਂ ਭਰਮਾਈ।
ਮੈਂ ਤਾਂ ਕਾਫਿਰ ਹੋ ਜਾਣਾ ਚਾਹੇ ਕਹਿਣ ਮੈਨੂੰ ਸ਼ੁਦਾਈ।
ਜੇ ਤੂੰ ਚਾਹੁੰਦਾ ਮਹਿਮਾਂ ਆਪਣੀ।
ਫਿਰ ਕਿਉਂ ਕਿਰਪਾ ਲੁਕਾਈ।
ਜਾਂ ਕਹਿ ਦੇ ਫਿਰ ਤੂੰ ਭਰਮ ਹੈਂ।
ਮੈਂ ਏਥੇ ਹੀ ਗੱਲ ਮੁਕਾਈ।



**ਹਰੀਸ਼ ਕੁਮਾਰ**
**9465023000**

## ਇਸ਼ਕੇ ਦੀ ਪੀੜ

ਇਹ ਇਸ਼ਕੇ ਦੀ ਬਾਜ਼ੀ,
ਮੁਕੰਮਲ ਮੈਂ ਹਰ ਕੇ।
ਝੂਠੇ ਵਾਧਿਆਂ ਦੀ ਪੰਡ ਨੂੰ ,
ਮੈਂ ਮੋਢਿਆਂ ਤੇ ਧਰ ਕੇ।
ਜਿਉਂਦਾ ਹਾਂ ਸੱਜਣਾ ਮੈਂ,
ਸਬਰਾ ਦੇ ਕਰ ਕੇ ।
ਹੱਸਦਾ ਹਾਂ ਦਿਲ ਦੀਆਂ
ਚੀਸਾਂ ਨੂੰ ਜਰ ਕੇ।
ਬਿਰਹਾ ਚ ਲਿਖ ਲਿਖ,
ਵਰਕੇ ਮੈਂ ਭਰ ਕੇ।
ਪਾੜੇ ਤੂੰ ਸੱਜਣਾ ਤੇ,
ਦੇਖੇਂ ਨਹੀਂ ਪੜ੍ਹ ਕੇ।
ਮਰਜਾਣਾ ਹਾਂ ਮਰਜਾਗਾ ਆਖ਼ਰ ਨੂੰ ਮਾਹੀ
ਫਿਰ ਰੋਵੇਂਗਾ ਸੱਜਦਾ ਤੂੰ ਕਬਰਾਂ ਨੂੰ ਕਰ ਕੇ।
ਫਿਰ ਰੋਇਆਂ ਕਰੇਂਗੀ ਸਿਰ ਕਬਰਾਂ ਤੇ ਧਰਕੇ



**ਸ਼ਾਇਰ**
**ਮਾਹੀ ਮਰਜਾਣਾ**

## ਅਣਖ਼

ਰਿੜਕ ਰਿੜਕ ਅਸੀਂ ਹੰਭ ਗਏ
ਵੇਖਿਆ ਤਾਂ ਪਾਣੀ ਸੀ,
ਹੁੰਦੀ ਅਣਖ਼ ਤਾਂ ਹੁਣ ਨੂੰ
ਹਲਚਲ ਮੱਚ ਜਾਣੀ ਸੀ।
ਹਰ ਧੱਕਾ ਬਰਦਾਸ਼ਤ ਕਰਨ ਦੀ
ਆਦਤ ਪਾ ਲਓ,
ਹੈ ਨਹੀਂ ਤਿਲ੍ਹਾਂ 'ਚ ਤੇਲ ਜਿੰਨਾ
ਮਰਜ਼ੀ ਅਜ਼ਮਾਅ ਲਓ,
ਕੁੱਤਿਓ ਲੀਡਰੋ ਥੋਡੀ ਤਾਂ
ਮਨਸਾ ਹੀ ਕਾਣੀ ਸੀ,
ਹੁੰਦੀ ਅਣਖ਼ ਤਾਂ ਹੁਣ ਨੂੰ
ਹਲਚਲ ਮੱਚ ਜਾਣੀ ਸੀ।
ਜਨਤਾ ਦਿੱਤੀ ਕਲਮ ਹਰੀ
ਕਦੇ ਭੁੱਲ ਹੀ ਚਲਾ ਲਓ,
ਬੋਲ ਨੀਂ ਸਕਦੇ ਲਿਖ ਵੀ ਨੀਂ ਸਕਦੇ
ਚੂੜੀਆਂ ਪਾ ਲਓ,
ਕਿਸ ਕੰਮ ਦਾ ਇਹ ਬਹੁਮਤ
ਦਿੱਲੀ ਦੀ ਜੂਠ ਖਾਣੀ ਸੀ,
ਹੁੰਦੀ ਅਣਖ਼ ਤਾਂ ਹੁਣ ਨੂੰ
ਹਲਚਲ ਮੱਚ ਜਾਣੀ ਸੀ।
ਕਾਠ ਦੀ ਹਾਂਡੀ ਮੁੜ ਨੀਂ ਚੜ੍ਹਣੀ
ਇਹ ਪ੍ਰਤਿਆ ਲਓ,
ਰਹਿ ਗਿਆ ਸਾਲ ਆਖ਼ਰੀ
ਕੋਈ ਸ਼ੋਭਾ ਹੀ ਕਮਾ ਲਓ,
ਹੋ ਗਿਆ ਸਾਬਿਤ ਜਣਦਿਆਂ ਨੂੰ
ਤੁਸਾਂ ਲੱਜ ਲਾਣੀ ਸੀ,
ਹੁੰਦੀ ਅਣਖ਼ ਤਾਂ ਹੁਣ ਨੂੰ
ਹਲਚਲ ਮੱਚ ਜਾਣੀ ਸੀ।



**ਸ਼ਿੰਦਾ ਬਾਈ**




# ਐਨ ਆਈ ਐਫ ਗਲੋਬਲ ਲੁਧਿਆਣਾ ਵੱਲੋਂ ਦੋ ਰੋਜ਼ਾ ਪ੍ਰਦਰਸ਼ਨੀ ਲਗਾਈ ਗਈ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਐਨ ਆਈ ਐਫ ਗਲੋਬਲ ਲੁਧਿਆਣਾ ਨੇ "ਬਲੂਪ੍ਰਿੰਟਸ: ਸਪੇਸ ਦੈਟ ਇੰਸਪਾਇਰ" ਨਾਲ ਰਚਨਾਤਮਕਤਾ ਅਤੇ ਨਵੀਨਤਾ ਲਈ ਆਪਣਾ ਕੈਂਪਸ ਖੋਲ੍ਹਿਆ। ਇਸ ਦੋ-ਰੋਜ਼ਾ ਅੰਦਰੂਨੀ ਅਤੇ ਫੈਸ਼ਨ ਡਿਜ਼ਾਈਨ ਪ੍ਰਦਰਸ਼ਨੀ ਵਿੱਚ ਸਥਾਨਿਕ ਕਹਾਣੀ ਸੁਣਾਉਣ, ਟਿਕਾਊ ਡਿਜ਼ਾਈਨ ਅਤੇ ਵਿਹਾਰਕ ਰਚਨਾਤਮਕਤਾ ਦਾ ਪ੍ਰਦਰਸ਼ਨ ਕੀਤਾ ਗਿਆ। ਇਹ ਪ੍ਰਦਰਸ਼ਨੀ 7 ਨਵੰਬਰ, 2025 ਤੱਕ ਓਏਸਿਸ ਕੰਪਲੈਕਸ, ਗੁਰੂ ਨਾਨਕ ਦੇਵ ਭਵਨ, ਭਾਰਤ ਨਗਰ ਚੌਂਕ, ਲੁਧਿਆਣਾ ਦੇ ਨੇੜੇ ਸਥਿਤ ਕੈਂਪਸ ਵਿੱਚ ਜਾਰੀ ਰਹੇਗੀ।





ਪ੍ਰਦਰਸ਼ਨੀ ਦਾ ਉਦਘਾਟਨ ਮੁੱਖ ਮਹਿਮਾਨ ਆਰਕੀਟੈਕਟ ਸੰਜੇ ਗੋਇਲ, ਡਿਜ਼ਾਈਨੈਕਸ, ਸਰਾਭਾ ਨਗਰ, ਲੁਧਿਆਣਾ ਦੁਆਰਾ ਕੀਤਾ ਗਿਆ, ਜਿਨ੍ਹਾਂ ਨੇ ਵਿਦਿਆਰਥੀਆਂ ਦੀਆਂ ਕਲਪਨਾਤਮਕ ਵਿਆਖਿਆਵਾਂ ਅਤੇ ਡਿਜ਼ਾਈਨ ਸੋਚ ਪ੍ਰਤੀ ਵਚਨਬੱਧਤਾ ਦੀ ਪ੍ਰਸ਼ੰਸਾ ਕੀਤੀ। ਇਸ ਸਾਲ ਦੀ ਪ੍ਰਦਰਸ਼ਨੀ ਨੇ ਦਰਸ਼ਕਾਂ ਨੂੰ ਅਕਾਦਮਿਕ ਪ੍ਰਦਰਸ਼ਨੀਆਂ, ਵਿਦਿਆਰਥੀਆਂ ਦੁਆਰਾ ਬਣਾਏ ਗਏ ਅੰਦਰੂਨੀ, ਉਤਪਾਦ ਅਤੇ ਫਰਨੀਚਰ ਡਿਜ਼ਾਈਨ, ਅਤੇ ਸਮਕਾਲੀ ਡਿਜ਼ਾਈਨ ਸੰਵੇਦਨਸ਼ੀਲਤਾਵਾਂ ਨੂੰ ਦਰਸਾਉਂਦੇ ਫੈਸ਼ਨ ਪ੍ਰਦਰਸ਼ਨੀਆਂ ਰਾਹੀਂ ਇੱਕ ਇਮਰਸਿਵ ਅਨੁਭਵ ਪ੍ਰਦਾਨ ਕੀਤਾ। ਇਸ ਸਮਾਗਮ ਵਿੱਚ ਕਰਾਫਟ ਸਟੇਸ਼ਨ ਵੀ ਸ਼ਾਮਲ ਸਨ ਜਿੱਥੇ ਮਹਿਮਾਨਾਂ ਨੇ ਬਲਾਕ ਪ੍ਰਿੰਟਿੰਗ, ਬੈਗ ਡਿਜ਼ਾਈਨਿੰਗ, ਅਤੇ ਫੀਲਟ ਕੀਚੇਨ ਮੇਕਿੰਗ ਵਰਗੀਆਂ ਰਚਨਾਤਮਕ ਗਤੀਵਿਧੀਆਂ ਵਿੱਚ ਹਿੱਸਾ ਲਿਆ, ਨਾਲ ਹੀ ਵਿਦਿਆਰਥੀਆਂ ਦੁਆਰਾ ਆਯੋਜਿਤ ਇੰਟਰਐਕਟਿਵ ਬ੍ਰੇਡਿੰਗ ਵਰਕਸ਼ਾਪਾਂ ਵੀ ਸ਼ਾਮਲ ਸਨ।

ਵਿਦਿਆਰਥੀਆਂ ਦੁਆਰਾ ਚਲਾਏ ਜਾਂਦੇ ਸਟਾਲਾਂ, ਖਾਣ-ਪੀਣ ਦੀਆਂ ਦੁਕਾਨਾਂ, ਅਤੇ ਹੱਥ ਨਾਲ ਬਣੀਆਂ ਮੋਮਬੱਤੀਆਂ ਅਤੇ ਡਿਜ਼ਾਈਨ ਉਪਕਰਣਾਂ ਦੇ ਪ੍ਰਦਰਸ਼ਨਾਂ ਨੇ ਜੀਵੰਤ ਮਾਹੌਲ ਨੂੰ ਹੋਰ ਵਧਾਇਆ, ਕਲਾਤਮਕਤਾ ਅਤੇ ਉੱਦਮਤਾ ਦਾ ਇੱਕ ਸੰਪੂਰਨ ਮਿਸ਼ਰਣ ਬਣਾਇਆ।

ਇੱਕ ਵਿਸ਼ੇਸ਼ ਆਕਰਸ਼ਣ ਦੂਜੇ ਸਾਲ ਦੇ ਫੈਸ਼ਨ ਡਿਜ਼ਾਈਨ ਦੇ ਵਿਦਿਆਰਥੀਆਂ ਦੁਆਰਾ ਆਯੋਜਿਤ ਪੌਪ-ਅੱਪ ਸਟੋਰ ਸੀ, ਜਿਸ ਵਿੱਚ ਬੋਰਡ ਗੇਮਾਂ ਤੋਂ ਪ੍ਰੇਰਿਤ ਤੀਜੇ ਸਾਲ ਦੇ ਵਿਦਿਆਰਥੀਆਂ ਦੁਆਰਾ ਬਣਾਏ ਗਏ ਇੱਕ ਅਪਸਾਈਕਲ ਕੀਤੇ ਸੰਗ੍ਰਹਿ ਦਾ ਪ੍ਰਦਰਸ਼ਨ ਕੀਤਾ ਗਿਆ ਸੀ, ਜੋ ਸਥਿਰਤਾ ਨੂੰ ਖੇਡਦਾਰ ਰਚਨਾਤਮਕਤਾ ਨਾਲ ਜੋੜਦਾ ਸੀ। ਦਰਸ਼ਕਾਂ ਨੂੰ ਕਲਾ ਅਤੇ ਫੋਟੋਗ੍ਰਾਫੀ ਗੈਲਰੀਆਂ, ਕਸਟਮ ਡਿਜੀਟਲ ਚਿੱਤਰਾਂ, ਨਕਲੀ ਤੌਰ 'ਤੇ ਬਣਾਈਆਂ ਗਈਆਂ ਕਲਾ, ਅਤੇ ਉਤਪਾਦ ਪ੍ਰੋਟੋਟਾਈਪਾਂ ਅਤੇ ਅੰਦਰੂਨੀ ਡਿਜ਼ਾਈਨ ਦੇ ਵਿਦਿਆਰਥੀਆਂ ਦੁਆਰਾ ਬਣਾਏ ਗਏ ਫਰਨੀਚਰ ਡਿਜ਼ਾਈਨਾਂ ਦੇ ਇੱਕ ਵਿਜ਼ੂਅਲ ਤਿਉਹਾਰ ਦਾ ਵੀ ਆਨੰਦ ਮਾਣਿਆ ਗਿਆ, ਜਿਸ ਵਿੱਚ ਸੰਕਲਪਿਕ ਫਰਨੀਚਰ ਦੇ ਟੁਕੜਿਆਂ ਤੋਂ ਲੈ ਕੇ ਸੋਚ-ਸਮਝ ਕੇ ਡਿਜ਼ਾਈਨ ਕੀਤੇ ਗਏ ਘਰੇਲੂ ਉਪਕਰਣ ਸ਼ਾਮਲ ਸਨ।

ਸੰਸਥਾ ਦੀ ਸੀਈਓ ਸ੍ਰੀਮਤੀ ਅਮਰਦੀਪ ਲਾਲ ਨੇ ਕਿਹਾ, "ਬਲਿਊਪ੍ਰਿੰਟ ਸਿਰਫ਼ ਇੱਕ ਪ੍ਰਦਰਸ਼ਨੀ ਨਹੀਂ ਹੈ, ਸਗੋਂ ਇੱਕ ਪਲੇਟਫਾਰਮ ਹੈ ਜੋ ਡਿਜ਼ਾਈਨ ਸਿੱਖਿਆ ਨੂੰ ਅਸਲ-ਸੰਸਾਰ ਰਚਨਾਤਮਕਤਾ ਨਾਲ ਜੋੜਦਾ ਹੈ। ਇਹ ਦਰਸਾਉਂਦਾ ਹੈ ਕਿ ਸਾਡੇ ਵਿਦਿਆਰਥੀ ਡਿਜ਼ਾਈਨ ਰਾਹੀਂ ਕਿਵੇਂ ਸੋਚਦੇ, ਬਣਾਉਂਦੇ ਅਤੇ ਸੰਚਾਰ ਕਰਦੇ ਹਨ। ਦੋ-ਰੋਜ਼ਾ ਸਮਾਗਮ ਨੇ ਵਿਦਿਆਰਥੀਆਂ, ਉਦਯੋਗ ਪੇਸ਼ੇਵਰਾਂ ਅਤੇ ਡਿਜ਼ਾਈਨ ਉਤਸ਼ਾਹੀਆਂ ਨੂੰ ਇੰਟਰੈਕਟ ਕਰਨ, ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਅਤੇ ਡਿਜ਼ਾਈਨ ਦੀ ਵਿਭਿੰਨ ਭਾਸ਼ਾ ਦਾ ਜਸ਼ਨ ਮਨਾਉਣ ਲਈ ਇਕੱਠੇ ਕੀਤਾ।

ਸਮਾਜ ਵੀਕਲੀ ਨਿਊਜ਼

# ਬਾਬਾ ਤੁਫ਼ੈਲ ਪਰਵੇਜ਼ ਮੁਹਤਰਮ ਸੈਮੀਨਾਰ ਅਤੇ ਮਹਿਫ਼ਿਲ-ਏ-ਮੁਸ਼ਾਇਰਾ 2025







**ਲਾਹੌਰ, ਲਹਿੰਦਾ ਪੰਜਾਬ (ਅਮਰਜੀਤ ਸਿੰਘ ਜੀਤ)**1ਨਵੰਬਰ, 2025 ਦੀ ਸ਼ਾਮ ਨੂੰ, ਕਾਹਨਾ ਦੀਆਂ ਹਵਾਵਾਂ ਵਿੱਚ ਗਿਆਨ, ਸਾਹਿਤ ਅਤੇ ਸ਼ਰਧਾ ਦੇ ਰੰਗ ਖਿੜ ਗਏ। ਮਜਲਿਸ ਬਾਬਾ ਤੁਫ਼ੈਲ ਪਰਵੇਜ਼ ਮੁਹਤਰਮ ਪਾਕਿਸਤਾਨ ਵੱਲੋਂ ਯੂਨੀਕ ਸਕੂਲ ਕਾਹਨਾ ਕੈਂਪਸ ਵਿੱਚ ਇੱਕ ਯਾਦਗਾਰੀ ਮੁਸ਼ਾਇਰਾ ਅਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿੱਥੇ ਪੈਗੰਬਰ ਸਲੀ ਅੱਲ੍ਹਾ ਅਲੀਹਾ ਵਸੱਲਮ ਦਾ ਪਿਆਰ, ਅਧਿਆਤਮਿਕਤਾ ਅਤੇ ਸਾਹਿਤ ਦੀਆਂ ਖੁਸ਼ਬੂਆਂ ਨੇ ਇੱਕ ਵਿਲੱਖਣ ਸਮਾਂ ਸਿਰਜਣ ਲਈ ਇਕੱਠੇ ਮਿਲ ਕੇ ਕੰਮ ਕੀਤਾ। ਯੂਨੀਕ ਸਕੂਲ ਦੇ ਡਾਇਰੈਕਟਰ ਚੌਧਰੀ ਮੁਹੰਮਦ ਤੁਫ਼ੈਲ ਸੁਪਰਾ, ਇਸ ਅਧਿਆਤਮਿਕ ਅਤੇ ਸਾਹਿਤਕ ਇਕੱਠ ਦੀ ਅਸਲ ਆਤਮਾ ਸਨ। ਉਨ੍ਹਾਂ ਨੇ ਨਾ ਸਿਰਫ਼ ਪੂਰਾ ਸਹਿਯੋਗ ਕੀਤਾ ਸਗੋਂ ਪ੍ਰਬੰਧਾਂ ਨੂੰ ਬਹੁਤ ਧਿਆਨ ਅਤੇ ਉੱਤਮਤਾ ਨਾਲ ਵੀ ਨਿਭਾਇਆ।

ਸਮਾਜ ਵੀਕਲੀ ਨਿਊਜ਼

ਮਜਲਿਸ ਦੇ ਸੰਸਥਾਪਕ ਅਤੇ ਚੇਅਰਮੈਨ ਮੁਹੰਮਦ ਸਾਜਿਦ ਨੇ ਸਾਰੇ ਵਿਸ਼ੇਸ਼ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਗੁਲਦਸਤੇ ਭੇਟ ਕੀਤੇ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਣ ਵਾਲੇ ਪਤਵੰਤਿਆਂ ਵਿੱਚ ਹਾਜੀ ਬਸ਼ਰਤ ਅਲੀ (ਚੇਅਰਮੈਨ ਕਾਹਨਾ), ਜ਼ੁਲਫਿਕਾਰ ਅਲੀ ਕੁਰੈਸ਼ੀ (ਕੌਂਸਲਰ), ਅਤੇ ਆਸਿਫ਼ ਮਹਿਮੂਦ ਜਰਗਰ ਸ਼ਾਮਲ ਸਨ, ਜਿਨ੍ਹਾਂ ਦੀ ਮੌਜੂਦਗੀ ਨੇ ਸਮਾਗਮ ਦੀ ਸ਼ਾਨਦਾਰੀ ਨੂੰ ਹੋਰ ਵਧਾ ਦਿੱਤਾ। ਇਕੱਠ ਦੀ ਸ਼ੁਰੂਆਤ ਪਾਕ ਰੱਬ ਦੇ ਨਾਂ ਨਾਲ ਹੋਇਆ ਜਿਸ ਨੇ ਮਾਹੌਲ ਨੂੰ ਸ਼ਰਧਾਂਜਲੀ ਨਾਲ ਸੁਗੰਧਿਤ ਕਰ ਦਿੱਤਾ। ਮੁਹੰਮਦ ਅਹਿਸਾਨ ਸਾਨੀ ਨੇ ਉਦਘਾਟਨੀ ਭਾਸ਼ਣ ਦਿੱਤਾ ਅਤੇ ਮਹਿਫਿਲ-ਏ-ਨਾਤ ਪੀਰ ਨਾਸਿਰ ਅਸਲਮ ਸ਼ਿਰਾਜ਼ੀ ਦੁਆਰਾ ਬਹੁਤ ਹੀ ਸੁੰਦਰ ਢੰਗ ਨਾਲ ਕੀਤੀ ਗਈ। ਨਾਤ ਖ਼ਵਾਨ ਹਜ਼ੂਰ ਮੁਹੰਮਦ ਜ਼ਾਹਿਦ ਭੱਟੀ, ਮੁਹੰਮਦ ਅਹਿਸਾਨ ਸਾਨੀ ਅਤੇ ਰਿਜ਼ਵਾਨ ਹਮੀਦ ਬਲੋਚ ਨੇ ਪਵਿੱਤਰ ਪੈਗੰਬਰ (ਸ.ਅ.ਵ.) ਨੂੰ ਸ਼ਰਧਾ ਭੇਟਾਂ ਭੇਟ ਕੀਤੀਆਂ। ਦਰਸ਼ਕਾਂ ਦੇ ਦਿਲ ਪੈਗੰਬਰ (ਸ.ਅ.ਵ.) ਲਈ ਪਿਆਰ ਨਾਲ ਭਰ ਗਏ। ਇਸ ਤੋਂ ਬਾਅਦ ਇਕੱਠ ਨੇ ਇੱਕ ਸਾਹਿਤਕ ਮੋੜ ਲੈ ਲਿਆ।

ਮੁਸ਼ਾਇਰਾ ਦਾ ਆਯੋਜਨ ਪ੍ਰਸਿੱਧ ਕਵੀ ਅਕੀਲ ਸ਼ਾਫੀ ਦੁਆਰਾ ਦਬਦਬੇ ਵਾਲੇ ਢੰਗ ਨਾਲ ਕੀਤਾ ਗਿਆ। ਕਵੀਆਂ ਵਿੱਚ ਮੁਹੰਮਦ ਅਹਿਸਾਨ ਸਾਨੀ, ਨਵੀਦ ਕਲੰਦਰੀ, ਮੁਹੰਮਦ ਇਸ਼ਫਾਕ ਤਾਹਿਰ, ਚੌਧਰੀ ਮੁਹੰਮਦ ਅਮੀਨ ਸਿੱਧੂ, ਮੁਹੰਮਦ ਸਾਜਿਦ,

ਸਲੀਮ ਆਫ਼ਤਾਬ ਸਲੀਮ, ਹੁਮਾਯੂੰ ਪਰਵੇਜ਼ ਸ਼ਾਹਿਦ, ਆਦਿਲ ਮਨਹਾਸ ਲਾਹੌਰੀ ਅਤੇ ਮੁਮਤਾਜ਼ ਰਸ਼ੀਦ ਲਾਹੌਰੀ ਸ਼ਾਮਲ ਸਨ। ਮਹਿਫਿਲ ਦੇ ਪ੍ਰਧਾਨ ਮੁਮਤਾਜ਼ ਰਸ਼ੀਦ ਲਾਹੌਰੀ

ਹੋਰਾਂ ਨੇ ਆਪਣੀਆਂ ਟਿੱਪਣੀਆਂ ਨਾਲ ਕਵਿਤਾ ਨੂੰ ਹੋਰ ਮਾਣ ਦਿੱਤਾ। ਇਕੱਠ ਦੇ ਮਹਿਮਾਨਾਂ ਖਾਸ ਕਰਕੇ ਸਲੀਮ ਆਫ਼ਤਾਬ ਸਲੀਮ, ਹੁਮਾਯੂੰ ਪਰਵੇਜ਼ ਸ਼ਾਹਿਦ, ਆਦਿਲ ਮਨਹਾਸ ਲਾਹੌਰੀ ਅਤੇ ਮੁਮਤਾਜ਼ ਰਸ਼ੀਦ ਲਾਹੌਰੀ ਦੇ ਬੋਲਾਂ ਦੀ ਸ਼ਲਾਘਾ ਕੀਤੀ।

"ਇਹ ਇਕੱਠ ਸਿਰਫ਼ ਕਵਿਤਾਵਾਂ ਦੀ ਲੜੀ ਨਹੀਂ ਸੀ, ਸਗੋਂ ਸ਼ਰਧਾ, ਪਿਆਰ ਅਤੇ ਭਾਵਨਾਵਾਂ ਦਾ ਸਮੁੰਦਰ ਸੀ — ਜਿੱਥੇ ਸ਼ਬਦ ਵੀ ਪੂਜਾ ਬਣ ਗਏ।"

ਇਕੱਠ ਦੌਰਾਨ, ਬਾਬਾ ਤੁਫ਼ੈਲ ਪਰਵੇਜ਼ (ਰ.) ਦੇ ਜੀਵਨ ਅਤੇ ਸੇਵਾਵਾਂ ਬਾਰੇ ਚਰਚਾ ਕੀਤੀ ਗਈ।

ਅਤੇ ਤਿੰਨ ਨਵੀਆਂ ਕਿਤਾਬਾਂ ਲਾਂਚ ਕੀਤੀਆਂ ਗਈਆਂ:

ਬਾਬਾ ਮੋਹਤਰਮ ਕਲੰਦਰ ਸਰਕਾਰ — ਬਾਬਾ ਸ਼ਰੀਫ ਸਾਜਿਦ ਤੋਂ

ਪਿਆਰੀ ਦੁਨੀਆਂ — ਅਹਿਸਾਨ ਸਾਨੀ ਤੋਂ

ਜ਼ੀਨਤ-ਏ-ਮੁਸਲਿਮ — ਮੁਹੰਮਦ ਨਾਵਿਦ ਕਲੰਦਰੀ ਦੁਆਰਾ

ਇਹ ਕਿਤਾਬਾਂ ਬਾਬਾ ਜੀ ਦੀ ਅਧਿਆਤਮਿਕ ਕਿਰਪਾ ਅਤੇ ਬੌਧਿਕ ਸੰਦੇਸ਼ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦੀ ਇੱਕ ਸੁੰਦਰ ਕੋਸ਼ਿਸ਼ ਹੈ।

ਅੰਤ ਵਿੱਚ, ਰਿਜ਼ਵਾਨ ਹਮੀਦ ਬਲੋਚ ਨੇ ਤਰੰਨਮ ਨਾਲ ਸੂਫ਼ੀ ਕਲਾਮ ਪੇਸ਼ ਕੀਤਾ, ਜਿਸਨੇ ਸਰੋਤਿਆਂ ਨੂੰ ਮੋਹਿਤ ਕਰ ਦਿੱਤਾ।

ਇਸ ਤੋਂ ਬਾਅਦ ਮੁਹੰਮਦ ਯੂਸਫ਼ ਕਾਦਰੀ ਕਲੰਦਰੀ ਦੀ ਨਿਗਰਾਨੀ ਹੇਠ ਲੰਗਰ ਦੀ ਵੰਡ ਕੀਤੀ ਗਈ।

ਜਿਸ ਵਿੱਚ ਇਕੱਠ ਦੇ ਸਾਰੇ ਭਾਗੀਦਾਰਾਂ ਨੇ ਸ਼ਰਧਾ ਨਾਲ ਹਿੱਸਾ ਲਿਆ।

ਅੰਤ ਵਿੱਚ, ਹਾਜੀ ਆਬਿਦ ਇਬਰਾਹਿਮ ਕਾਦਰੀ ਨੇ ਸਾਰੇ ਪ੍ਰਬੰਧਕਾਂ, ਵਿਸ਼ੇਸ਼ ਮਹਿਮਾਨਾਂ, ਕਵੀਆਂ, ਨਾਤ ਗਾਇਕਾਂ ਦਾ ਧੰਨਵਾਦ ਕੀਤਾ।

ਅਤੇ ਦਰਸ਼ਕਾਂ ਦਾ ਦਿਲੋਂ ਧੰਨਵਾਦ ਕੀਤਾ।

ਇਹ ਮੁਬਾਰਕ ਇਕੱਠ ਬਾਬਾ ਤੁਫ਼ੈਲ ਪਰਵੇਜ਼ (ਰ.) ਦੇ ਜਨਮ ਦੇ ਮੌਕੇ 'ਤੇ ਮਨਾਇਆ ਗਿਆ ਇਹ ਪਿਆਰ, ਵਿਸ਼ਵਾਸ ਅਤੇ ਗਿਆਨ ਅਤੇ ਸਾਹਿਤ ਦੇ ਰੰਗਾਂ ਨਾਲ ਸਮਾਪਤ ਹੋਇਆ।

ਇਸ ਸਮਾਗਮ ਵਿੱਚ ਹਿੱਸਾ ਲੈਣ ਵਾਲੇ ਪੱਤਰਕਾਰ

ਮੁਹੰਮਦ ਅਸ਼ਫ਼ਾਕ ਭੱਟੀ (ਪ੍ਰਧਾਨ ਅਵਾਮੀ ਪ੍ਰੈਸ ਕਲੱਬ ਕਾਹਨਾ),

ਮਿਰਜ਼ਾ ਅਬਰਾਰ ਬੇਗ, ਕਾਹਨਾ ਦੇ ਇੱਕ ਮਸ਼ਹੂਰ ਪੱਤਰਕਾਰ,

ਅਤੇ ਫ੍ਰੀਲਾਂਸ ਪੱਤਰਕਾਰ ਅਬਦੁਲ ਸੱਤਾਰ ਮਲਿਕ ਕਾਹਨੇਵਾਲਾ,

ਜਿਨ੍ਹਾਂ ਨੇ ਇਸ ਸਮਾਗਮ ਨੂੰ ਸ਼ਾਨਦਾਰ ਢੰਗ ਨਾਲ ਕਵਰ ਕੀਤਾ ਅਤੇ ਮਜਲਿਸ ਦੇ ਯਤਨਾਂ ਨੂੰ ਸ਼ਰਧਾਂਜਲੀ ਦਿੱਤੀ।

"ਬਾਬਾ ਜੀ ਤੁਫ਼ੈਲ ਪਰਵੇਜ਼ ਮੁਹਤਰਮ ਦੀ ਯਾਦ ਵਿੱਚ, ਇਹ ਇਕੱਠ ਅਸਲ ਵਿੱਚ ਪੈਗੰਬਰ ਸਲੀ ਅੱਲ੍ਹਾ ਅਲੀਹਾ ਵਸੱਲਮ ਦੇ ਪਿਆਰ ਦਾ ਪ੍ਰਤੀਕ ਹੈ

ਅਤੇ ਗਿਆਨ ਅਤੇ ਸਾਹਿਤ ਦਾ ਪ੍ਰਚਾਰ ਇੱਕ ਚਮਕਦਾਰ ਮੀਲ ਪੱਥਰ ਸਾਬਤ ਹੋਇਆ।

# ਹੜ੍ਹ ਪੀੜ੍ਹਤ ਕਿਸਾਨਾਂ ਦੀ ਸੱਚੀ ਹਮਦਰਦ ਬਣੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ

## ਯੂਨਾਈਟਿਡ ਸਿੱਖਸ ਦੇ ਸਹਿਯੋਗ ਨਾਲ ਯੂਨੀਵਰਸਿਟੀ ਨੇ ਪਿੰਡ ਟੇਂਡੀਵਾਲਾ ਦੇ ਹੜ੍ਹ ਪੀੜਤ ਕਿਸਾਨਾਂ ਨੂੰ ਵੰਡਿਆ ਕਣਕ ਤੇ ਸਰੋਂ ਦਾ ਬੀਜ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਸੰਸਾਰ ਭਰ ਵਿੱਚ ਆਪਣੀ ਵਿਲੱਖਣ ਪਹਿਚਾਣ ਕਾਇਮ ਕਰਨ ਵਾਲੀ
ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਪੰਜਾਬ ਦੇ ਹੜ੍ਹ ਪੀੜ੍ਹਤ ਕਿਸਾਨਾਂ ਲਈ ਇੱਕ ਰਹਿਬਰ ਦੇ ਰੂਪ ਵਜੋਂ ਉੱਭਰ ਕੇ ਸਾਹਮਣੇ ਆਈ ਹੈ । ਯੂਨੀਵਰਸਿਟੀ ਦੇ ਸਮੁੱਚੇ ਅਧਿਕਾਰੀਆਂ ਤੇ ਸਟਾਫ਼ ਮੈਬਰਾਂ ਨੇ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਪੰਜਾਬ ਦੇ ਕਿਸਾਨਾਂ ਨਾਲ ਆਪਣੀ ਦਿਲੀ ਹਮਦਰਦੀ ਦਾ ਇਜ਼ਹਾਰ ਕਰਦਿਆਂ ਹੋਇਆਂ ਮਨੁੱਖੀ ਸੇਵਾ ਕਾਰਜਾਂ ਨੂੰ ਸਮਰਪਿਤ ਸੰਸਥਾ ਯੂਨਾਈਟਿਡ ਸਿੱਖਸ ਦੇ ਨਿੱਘੇ ਸਹਿਯੋਗ ਨਾਲ ਉਨ੍ਹਾਂ ਨੂੰ ਅਗਲੀ ਹਾੜੀ ਦੀ ਫਸਲ ਬੀਜਣ ਲਈ ਪੀ.ਏ.ਯੂ ਵੱਲੋਂ ਤਿਆਰ ਕੀਤਾ ਗਿਆ ਉੱਚ ਕੁਆਲਟੀ ਵਾਲੀਆਂ ਕਿਸਮਾਂ ਦਾ ਸੋਧਿਆ ਹੋਇਆ ਕਣਕ ਤੇ ਸਰੋਂ ਦਾ ਬੀਜ ਨਿਸ਼ਕਾਮ ਰੂਪ ਵਿੱਚ ਵੰਡਣ ਦਾ ਨਿਵੇਕਲਾ ਕਾਰਜ ਬੜੀ ਸੇਵਾ ਭਾਵਨਾ ਨਾਲ ਆਰੰਭਿਆ ਗਿਆ ਹੈ । ਇਸ ਸੰਬੰਧੀ ਵਿਸੇਸ਼ ਤੌਰ ਤੇ ਜਾਣਕਾਰੀ ਦੇਂਦਿਆਂ ਹੋਇਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਉਪ ਕੁਲਪਤੀ ਸਤਬੀਰ ਸਿੰਘ ਗੋਸਲ ਨੇ ਦੱਸਿਆ ਕਿ ਹੜ੍ਹਾਂ ਦੀ ਮਾਰ ਝੱਲ ਰਹੇ ਕਿਸਾਨਾਂ ਦੇ ਤੁਰੰਤ ਪੁਨਰਵਾਸ ਲਈ ਇੱਕ ਅਹਿਮ ਕਦਮ ਚੁੱਕਦਿਆਂ ਹੋਇਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਕਿਸਾਨਾਂ ਦੀ ਸਹਾਇਤਾ ਲਈ ਕਣਕ ਅਤੇ ਸਰ੍ਹੋਂ ਦੇ ਬੀਜ ਮੁਹੱਈਆ ਕਰਵਾਉਣ ਦੀ ਮੁਹਿੰਮ ਆਰੰਭ ਕੀਤੀ ਗਈ ਹੈ । ਜਿਸ ਦੇ ਅੰਤਰਗਤ ਅੱਜ ਹੜ੍ਹ ਪ੍ਰਭਾਵਿਤ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਟੋਡੀ ਵਾਲਾ ਵਿਖੇ
ਬੀਜ ਵੰਡਣ ਸੇਵਾ ਮੁਹਿੰਮ ਦੀ ਆਰੰਭਤਾ ਮਨੁੱਖੀ ਸੇਵਾ ਕਾਰਜਾਂ ਨੂੰ ਸਮਰਪਿਤ ਸੰਸਥਾ ਯੂਨਾਈਟਿਡ ਸਿੱਖਸ ਦੇ



ਸਹਿਯੋਗ ਨਾਲ ਕੀਤੀ ਹੈ । ਆਪਣੀ ਗੱਲਬਾਤ ਦੌਰਾਨ ਉਨ੍ਹਾਂ ਨੇ ਦੱਸਿਆ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਹਮੇਸ਼ਾਂ ਤੋਂ ਹੀ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੈ । ਹੜ੍ਹਾਂ ਤੋਂ ਪੈਦਾ ਹੋਈ ਸਮੱਸਿਆ ਲਈ ਰਾਹਤ ਕਾਰਜਾਂ ਦੇ ਰੂਪ ਵਿੱਚ ਇਸ ਵਾਰ ਵੀ ਯੂਨੀਵਰਸਿਟੀ ਦੇ ਅਧਿਆਪਕਾਂ ਅਤੇ ਬਾਕੀ ਅਮਲੇ ਨੇ ਆਪਣੀ ਤਨਖਾਹਾਂ ਵਿੱਚੋਂ ਯੋਗਦਾਨ ਪਾਉਂਦਿਆਂ ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਵਿੱਚ ਕਣਕ ਦੀਆਂ ਉਨਤ ਕਿਸਮਾਂ ਦਾ 725 ਕੁਇੰਟਲ ਅਤੇ ਗੋਭੀ ਸਰ੍ਹੋਂ ਦਾ 5 ਕੁਇੰਟਲ ਬੀਜ ਕਿਸਾਨਾਂ ਵਿੱਚ ਵੰਡਿਆ ਜਾ ਰਿਹਾ ਹੈ । ਇਸੇ ਰਾਹਤ ਕਾਰਜ ਨੂੰ ਜਾਰੀ ਰੱਖਦਿਆਂ ਅੱਜ ਫਿਰੋਜ਼ਪੁਰ ਦੇ ਹੜ੍ਹ ਪ੍ਰਭਾਵਿਤ ਪਿੰਡ ਟੋਡੀ ਵਾਲਾ ਵਿਖੇ ਤਕਨੀਕੀ ਜਾਣਕਾਰੀ ਦੇ ਨਾਲ- ਨਾਲ ਹੜ ਪੀੜਤ ਨੂੰ ਕਣਕ ਦੀਆਂ ਚਾਰ ਉੱਨਤ ਕਿਸਮਾਂ ਅਤੇ ਗੋਭੀ ਸਰ੍ਹੋਂ ਦਾ ਬੀਜ ਵੰਡਿਆ ਗਿਆ । ਇਸ ਮੌਕੇ ਡਾ: ਗੋਸਲ ਦੇ ਨਾਲ ਡਾ: ਮੱਖਣ ਸਿੰਘ ਭੁੱਲਰ, ਨਿਰਦੇਸ਼ਕ (ਪਸਾਰ ਸਿੱਖਿਆ) ਡਾ: ਤਰਸੇਮ ਸਿੰਘ ਢਿੱਲੋਂ, ਵਧੀਕ ਨਿਰਦੇਸ਼ਕ (ਪਸਾਰ ਸਿੱਖਿਆ) ਸਮੇਤ ਕ੍ਰਿਸ਼ੀ ਵਿਗਿਆਨ ਕੇਂਦਰ ਨੇ ਵੀ ਆਪਣੇ ਖੋਜ ਭਰਪੂਰ ਵਿਚਾਰਾਂ ਦੀ ਸਾਂਝ ਕਰਦਿਆਂ ਹੋਇਆਂ ਕਿਹਾ ਕਿ ਹੜ੍ਹਾਂ ਦੇ ਪਾਣੀ ਨਾਲ ਜ਼ਮੀਨਾਂ ਦੀ ਸਤਹਿ ਤੇ ਵੀ ਪ੍ਰਭਾਵ ਪਿਆ ਹੈ ਅਤੇ ਇਸ ਦੇ ਪ੍ਰਭਾਵ ਨੂੰ ਜਾਂਚਣ ਲਈ ਉਹਨਾਂ ਕਿਸਾਨ ਵੀਰਾਂ ਨੂੰ ਮਿੱਟੀ ਅਤੇ ਪਾਣੀ ਦੀ ਜਾਂਚ ਲਈ ਕ੍ਰਿਸ਼ੀ ਵਿਗਿਆਨ ਕੇਂਦਰ ਨਾਲ ਰਾਬਤਾ ਕਰਨ ਤੇ ਜ਼ੋਰ ਦਿੱਤਾ। ਡਾ: ਢਿੱਲੋਂ ਨੇ ਕਿਸਾਨਾਂ ਨੂੰ ਪ੍ਰੇਰਿਤ ਕਰਦਿਆਂ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਸੰਯੁਕਤ ਖੇਤੀ ਪ੍ਰਣਾਲੀ, ਸਬਜ਼ੀਆਂ ਅਤੇ ਫਲਾਂ ਦੀ ਕਾਸ਼ਤ ਨੂੰ ਅਪਨਾਉਣ ਤੇ ਜ਼ੋਰ ਦਿੱਤਾ । ਇਸ ਮੌਕੇ ਸ੍ਰ: ਅੰਮ੍ਰਿਤਪਾਲ ਸਿੰਘ ਡਾਇਰੈਕਟਰ ਪੰਜਾਬ ਯੂਨਾਈਟਿਡ ਸਿੱਖਸ ਨੇ ਪੀ.ਏ.ਯੂ ਲੁਧਿਆਣਾ ਦੇ ਵੱਲੋਂ ਬੀਜ ਵੰਡਣ ਦੀ ਆਰੰਭੀ ਸੇਵਾ ਮੁਹਿੰਮ ਦੀ ਸ਼ਲਾਘਾ ਕੀਤੀ ਅਤੇ ਸਰਹੱਦੀ ਇਲਾਕੇ ਦੇ ਕਿਸਾਨਾਂ ਨੂੰ
ਪ੍ਰੇਰਿਤ ਕਰਦਿਆਂ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਸੰਯੁਕਤ ਖੇਤੀ ਪ੍ਰਣਾਲੀ, ਸਬਜ਼ੀਆਂ ਅਤੇ ਫਲਾਂ ਦੀ ਕਾਸ਼ਤ ਨੂੰ ਅਪਨਾਉਣ ਤੇ ਜ਼ੋਰ ਦਿੱਤਾ। ਉਹਨਾਂ ਕਿਹਾ ਕਿ ਘੱਟ ਜ਼ਮੀਨਾਂ ਵਾਲੇ ਕਿਸਾਨ ਫਸਲੀ ਵਿਭਿੰਨਤਾ ਅਪਨਾ ਕੇ ਵਧੇਰੇ ਕਮਾਈ ਕਰ ਸਕਦੇ ਹਨ । ਇਸ ਦੌਰਾਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਉਪ ਕੁਲਪਤੀ ਡਾ: ਸਤਬੀਰ ਸਿੰਘ ਗੋਸਲ ਤੇ ਸ੍ਰ: ਅੰਮ੍ਰਿਤਪਾਲ ਸਿੰਘ ਡਾਇਰੈਕਟਰ ਪੰਜਾਬ ਯੂਨਾਈਟਿਡ ਸਿੱਖਸ, ਸ੍ਰ: ਭੁਪਿੰਦਰ ਸਿੰਘ ਮੱਕੜ, ਜਗਮੀਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਪਿੰਡ ਟੇਂਡੀ ਵਾਲਾ ਦੇ ਕਿਸਾਨਾਂ ਨੂੰ ਬੀਜ ਵੰਡਣ ਦੀ ਮੁਹਿੰਮ ਦੀ ਆਰੰਭਤਾ ਕੀਤੀ । ਇਸ ਸਮੇ ਉਨ੍ਹਾਂ ਦੇ ਨਾਲ ਡਾ: ਮੱਖਣ ਸਿੰਘ ਭੁੱਲਰ, ਨਿਰਦੇਸ਼ਕ (ਪਸਾਰ ਸਿੱਖਿਆ), ਡਾ: ਤਰਸੇਮ ਸਿੰਘ ਢਿੱਲੋਂ, ਵਧੀਕ ਨਿਰਦੇਸ਼ਕ (ਪਸਾਰ ਸਿੱਖਿਆ) ਸਮੇਤ ਕ੍ਰਿਸ਼ੀ ਵਿਗਿਆਨ ਕੇਂਦਰ ਡਾ: ਗੁਰਮੇਲ ਸਿੰਘ ਸੰਧੂ, ਡਿਪਟੀ ਡਾਇਰੈਕਟਰ (ਟ੍ਰੇਨਿੰਗ), ਕ੍ਰਿਸ਼ੀ ਵਿਗਿਆਨ ਕੇਂਦਰ, ਫਿਰੋਜ਼ਪੁਰ ਅਤੇ ਉਨ੍ਹਾਂ ਦੀ ਟੀਮ ਦੇ ਮੈਂਬਰ ਹਾਜ਼ਰ ਸਨ ।

# ਸ਼ਹੀਦ ਨਾਇਕ ਜਗਸੀਰ ਸਿੰਘ – ਦੇਸ਼ ਦੀ ਮਿੱਟੀ ਲਈ ਜਾਨ ਨਿਛਾਵਰ ਕਰਨ ਵਾਲਾ ਸੱਚਾ ਸਿਪਾਹੀ

**ਮਹਿਲ ਕਲਾ (ਗੁਰਭਿੰਦਰ ਗੁਰੀ )**
ਮਹਿਲ ਕਲਾ ਹਲਕੇ ਦੇ ਪਿੰਡ ਠੁੱਲੀਵਾਲ ਨਾਲ ਸਬੰਧਤ 35 ਸਾਲਾ ਨਾਇਕ ਜਗਸੀਰ ਸਿੰਘ ਦੀ ਬੀਤੇ ਦਿਨੀਂ ਸ੍ਰੀਨਗਰ ਵਿਖੇ ਡਿਊਟੀ ਦੌਰਾਨ ਸ਼ਹੀਦੀ ਹੋ ਗਈ। ਉਨ੍ਹਾਂ ਦੀ ਮ੍ਰਿਤਕ ਦੇਹ ਅੱਜ ਪੂਰੇ ਸਰਕਾਰੀ ਸਨਮਾਨ ਨਾਲ ਜੱਦੀ ਪਿੰਡ ਠੁੱਲੀਵਾਲ ਪਹੁੰਚੀ, ਜਿੱਥੇ ਉਨ੍ਹਾਂ ਨੂੰ ਆਖ਼ਰੀ ਵਿਦਾਈ ਅੰਸੂਆਂ ਨਾਲ ਦਿੱਤੀ ਗਈ। ਪਿੰਡ ਹੀ ਨਹੀਂ, ਸਗੋਂ ਪੂਰਾ ਹਲਕਾ ਅਤੇ ਇਲਾਕਾ ਸ਼ਹੀਦ ਦੇ ਪ੍ਰਤੀ ਸ਼ਰਧਾ ਤੇ ਦੁੱਖ ਨਾਲ ਭਰਿਆ ਨਜ਼ਰ ਆਇਆ।

ਸ਼ਹੀਦ ਦਾ ਜੀਵਨ ਤੇ ਸੇਵਾ ਯਾਤਰਾ

ਨਾਇਕ ਜਗਸੀਰ ਸਿੰਘ ਨੇ ਸੰਨ 2011 ਵਿੱਚ ਭਾਰਤੀ ਫੌਜ ਵਿੱਚ ਭਰਤੀ ਹੋ ਕੇ ਦੇਸ਼ ਦੀ ਸੇਵਾ ਦਾ ਸਫ਼ਰ ਸ਼ੁਰੂ ਕੀਤਾ ਸੀ। ਸ਼ੁਰੂ ਤੋਂ ਹੀ ਉਹ ਸੂਰਵੀਰਤਾ ਅਤੇ ਦੇਸ਼ ਪ੍ਰੇਮ ਦੇ ਪ੍ਰਤੀਕ ਰਹੇ। ਉਨ੍ਹਾਂ ਨੇ ਆਪਣੇ ਜੀਵਨ ਦੇ ਹਰ ਪਲ ਵਿੱਚ ਫੌਜੀ ਅਨੁਸ਼ਾਸਨ ਅਤੇ ਨਿਸ਼ਠਾ ਦਾ ਪਾਲਣ ਕੀਤਾ। ਉਨ੍ਹਾਂ ਦੇ ਸਾਥੀਆਂ ਦੇ ਮੁਤਾ-ਬਕ ਜਗਸੀਰ ਸਿੰਘ ਇਕ ਮਿਹਨਤੀ, ਇਮਾਨਦਾਰ ਤੇ ਦਿਲੇਰੀ ਨਾਲ ਭਰਪੂਰ ਸਿਪਾਹੀ ਸਨ।

ਉਨ੍ਹਾਂ ਦੀ ਤਾਇਨਾਤੀ ਕਈ ਚੁਣੌਤੀਪੂਰਨ ਖੇਤਰਾਂ ਵਿੱਚ ਰਹੀ। ਹਾਲ ਹੀ ਵਿੱਚ ਉਹ ਸ੍ਰੀਨਗਰ ਦੇ ਇਕ ਸੰਵੇਦਨਸ਼ੀਲ ਖੇਤਰ ਵਿੱਚ ਡਿਊਟੀ ਕਰ ਰਹੇ ਸਨ, ਜਿੱਥੇ ਉਹ ਦੇਸ਼ ਦੀ ਸੀਮਾ ਅਤੇ ਸ਼ਾਂਤੀ ਦੀ ਰੱਖਿਆ ਕਰਦੇ ਹੋਏ ਸ਼ਹੀਦ ਹੋ ਗਏ।

**ਪਰਿਵਾਰ ਉੱਤੇ ਟੁੱਟਿਆ ਪਹਾੜ ਵਰਗਾ ਦੁੱਖ**

ਸ਼ਹੀਦ ਜਗਸੀਰ ਸਿੰਘ ਦੇ ਘਰ ਵਿੱਚ ਗਮ ਦਾ ਮਾਹੌਲ ਹੈ। ਉਹ ਆਪਣੇ ਪਿੱਛੇ 10 ਸਾਲਾ ਪੁੱਤਰ ਅਤੇ ਦੋ ਭੈਣਾਂ ਦਾ ਇਕਲੌਤਾ ਭਰਾ ਛੱਡ ਗਏ ਹਨ। ਪਿਤਾ ਪਹਿਲਾਂ ਹੀ ਸੰਸਾਰ ਛੱਡ ਚੁੱਕੇ ਹਨ ਅਤੇ ਮਾਤਾ ਆਪਣੇ ਪੁੱਤਰ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਬੇਹੋਸ਼ ਹੋ ਗਈ। ਪਰਿਵਾਰ, ਰਿਸ਼ਤੇਦਾਰ ਅਤੇ ਪਿੰਡ ਵਾਸੀ ਸਾਰੇ ਹੀ ਅੱਖਾਂ ਵਿੱਚ ਅੰਸੂ ਲੈ ਕੇ ਉਸ ਬਹਾਦਰ ਪੁੱਤਰ ਨੂੰ ਯਾਦ ਕਰ ਰਹੇ ਹਨ।

ਸ਼ਹੀਦ ਦੀ ਪਤਨੀ ਨੇ ਦਿਲ ਤੋੜ ਦੇਣ ਵਾਲੇ ਸ਼ਬਦ ਕਹੇ — "ਮੇਰਾ ਪਤੀ ਦੇਸ਼ ਦੀ ਰੱਖਿਆ ਕਰਦੇ ਹੋਏ ਸ਼ਹੀਦ ਹੋਇਆ, ਮੈਂ ਮਾਣ ਕਰਦੀ ਹਾਂ ਕਿ ਮੈਂ ਇਕ ਸ਼ਹੀਦ ਦੀ ਪਤਨੀ ਹਾਂ, ਪਰ ਇਹ ਦੁੱਖ ਬਿਆਨ ਕਰਨਾ ਅਸੰਭਵ ਹੈ।"

**ਪੂਰੇ ਸਰਕਾਰੀ ਸਨਮਾਨ ਨਾਲ ਸੰਸਕਾਰ**

ਅੱਜ ਸਵੇਰੇ ਜਦੋਂ ਸ਼ਹੀਦ ਦੀ ਮ੍ਰਿਤਕ ਦੇਹ ਠੁੱਲੀਵਾਲ ਪਿੰਡ ਪਹੁੰਚੀ, ਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੇ ਉਸ ਦਾ ਸਵਾਗਤ ਫੁੱਲਾਂ ਦੀ ਵਰਖਾ ਨਾਲ ਕੀਤਾ। "ਭਾਰਤ ਮਾਤਾ ਕੀ ਜੈ! ਸ਼ਹੀਦ ਜਗਸੀਰ ਸਿੰਘ ਅਮਰ ਰਹੇ!" ਦੇ ਨਾਅਰੇ ਗੂੰਜ ਰਹੇ ਸਨ। ਪਿੰਡ ਦਾ ਹਰ ਕੋਨਾ ਭਾਵਨਾ ਤੇ ਸ਼ਰਧਾ ਨਾਲ ਭਰਿਆ ਸੀ।

ਭਾਰਤੀ ਫੌਜ ਦੇ ਜਵਾਨਾਂ ਨੇ ਪੂਰੇ ਸੈਨਿਕ



ਮਰਯਾਦਾ ਨਾਲ ਸ਼ਹੀਦ ਨੂੰ ਸਲਾਮੀ ਦਿੱਤੀ, ਅਤੇ ਸ਼ਹੀਦ ਦੇ ਸ਼ਰੀਰ 'ਤੇ ਤਿਰੰਗਾ ਝੰਡਾ ਓੜ੍ਹਾਇਆ ਗਿਆ। ਉਸ ਤੋਂ ਬਾਅਦ ਸਥਾਨਕ ਪ੍ਰਸ਼ਾਸਨ, ਫੌਜ ਦੇ ਅਧਿਕਾਰੀਆਂ, ਹਲਕੇ ਦੇ ਵਿਧਾਇਕਾਂ ਤੇ ਸਮਾਜ ਸੇਵਕਾਂ ਨੇ ਸ਼ਹੀਦ ਦੇ ਪਰਿਵਾਰ ਨਾਲ ਮਿਲ ਕੇ ਸ਼ਰਧਾਂਜਲੀ ਦਿੱਤੀ।

ਹਲਕੇ ਵਿੱਚ ਛਾਇਆ ਸੋਗ ਤੇ ਮਾਣ

ਜਗਸੀਰ ਸਿੰਘ ਦੀ ਸ਼ਹੀਦੀ ਦੀ ਖ਼ਬਰ ਪਿੰਡ ਤੋਂ ਲੈ ਕੇ ਪੂਰੇ ਹਲਕੇ ਤੱਕ ਫੈਲ ਗਈ। ਸਾਰੇ ਸਕੂਲਾਂ, ਦਫ਼ਤਰਾਂ ਤੇ ਦੁਕਾਨਾਂ ਵਿੱਚ ਇਕ ਮਿੰਟ ਦਾ ਮੌਨ ਰੱਖ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਪਿੰਡ ਦੇ ਬਜ਼ੁਰਗਾਂ ਨੇ ਕਿਹਾ ਕਿ ਜਗਸੀਰ ਸਿੰਘ ਵਰਗੇ ਪੁੱਤਰ ਸਦਾ ਹੀ ਦੇਸ਼ ਦਾ ਮਾਣ ਹੁੰਦੇ ਹਨ।

ਇਕ ਸਥਾਨਕ ਵਿਅਕਤੀ ਨੇ ਕਿਹਾ, "ਜਗਸੀਰ ਸਿੰਘ ਸਾਡੇ ਪਿੰਡ ਦਾ ਗੌਰਵ ਸੀ। ਉਹ ਹਰ ਕਿਸੇ ਨਾਲ ਪਿਆਰ ਨਾਲ ਮਿਲਦਾ ਸੀ। ਉਸ ਦੀ ਸ਼ਹੀਦੀ ਸਾਡੇ ਲਈ ਮਾਣ ਵੀ ਹੈ ਤੇ ਗਮ ਵੀ।"

ਸ਼ਹੀਦ ਦੇ ਸਾਥੀ ਜਵਾਨਾਂ ਨੇ ਵੀ ਸੁਨੇਹਾ ਭੇਜਿਆ ਕਿ ਜਗਸੀਰ ਸਿੰਘ ਹਮੇਸ਼ਾਂ ਆਪਣੇ ਕਰਤਵ ਨਿਭਾਉਣ ਵਿੱਚ ਅੱਗੇ ਰਹਿੰਦਾ ਸੀ ਅਤੇ ਉਸਦੀ ਹਿੰਮਤ ਸਭ ਲਈ ਪ੍ਰੇਰਣਾ ਹੈ।

**ਫੌਜ ਅਤੇ ਸਰਕਾਰ ਵੱਲੋਂ ਸ਼ਰਧਾਂਜਲੀ**

ਭਾਰਤੀ ਫੌਜ ਨੇ ਬਿਆਨ ਜਾਰੀ ਕਰਕੇ ਕਿਹਾ, "ਨਾਇਕ ਜਗਸੀਰ ਸਿੰਘ ਨੇ ਦੇਸ਼ ਦੀ ਸੁਰੱਖਿਆ ਲਈ ਆਪਣੀ ਜਾਨ ਨਿਛਾਵਰ ਕਰਕੇ ਬੇਮਿਸਾਲ ਬਹਾਦਰੀ ਦਾ ਪ੍ਰਦਰਸ਼ਨ ਕੀਤਾ ਹੈ। ਉਹ ਹਮੇਸ਼ਾਂ ਸਾਡੇ ਦਿਲਾਂ ਵਿੱਚ ਜ਼ਿੰਦਾ ਰਹੇਗਾ।"

ਸੂਬਾ ਸਰਕਾਰ ਵੱਲੋਂ ਵੀ ਐਲਾਨ ਕੀਤਾ ਗਿਆ ਕਿ ਸ਼ਹੀਦ ਦੇ ਪਰਿਵਾਰ ਨੂੰ ਆਰਥਿਕ ਸਹਾਇਤਾ ਤੇ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇਗੀ। ਵਿਧਾਇਕ ਨੇ ਘਰ ਪਹੁੰਚ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਕਿਹਾ ਕਿ ਸਰਕਾਰ ਉਨ੍ਹਾਂ ਦੇ ਨਾਲ ਖੜੀ ਹੈ।

**ਸ਼ਹੀਦ ਦਾ ਨਾਮ ਇਤਿਹਾਸ ਵਿੱਚ ਅਮਰ ਰਹੇਗਾ**

ਜਗਸੀਰ ਸਿੰਘ ਵਰਗੇ ਯੋਧੇ ਦੇਸ਼ ਦੀ ਅਸਲੀ ਧਰੋਹਰ ਹੁੰਦੇ ਹਨ। ਉਹਨਾਂ ਦੀ ਸ਼ਹੀਦੀ ਨਾਲ ਸਾਨੂੰ ਇਹ ਸਿਖ ਮਿਲਦੀ ਹੈ ਕਿ ਦੇਸ਼ ਦੀ ਸੇਵਾ ਸਭ ਤੋਂ ਵੱਡਾ ਧਰਮ ਹੈ। ਜਿਵੇਂ ਸੂਰਜ ਆਪਣੇ ਚਾਨਣ ਨਾਲ ਅੰਧਕਾਰ ਦੂਰ ਕਰਦਾ ਹੈ, ਓਹੋ ਜਿਹੇ ਹੀ ਸ਼ਹੀਦ ਆਪਣੇ ਬਲਿਦਾਨ ਨਾਲ ਸਾਡੇ ਦੇਸ਼ ਨੂੰ ਸੁਰੱਖਿਅਤ ਰੱਖਦੇ ਹਨ। ਪਿੰਡ ਦੇ ਨੌਜਵਾਨਾਂ ਨੇ ਫ਼ੈਸਲਾ ਕੀਤਾ ਹੈ ਕਿ ਜਗਸੀਰ ਸਿੰਘ ਦੀ ਯਾਦ ਵਿੱਚ ਪਿੰਡ ਵਿੱਚ ਇਕ ਸਮਾਰਕ ਬਣਾਇਆ ਜਾਵੇਗਾ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਉਸਦੇ ਬਲਿਦ-ਾਨ ਤੋਂ ਪ੍ਰੇਰਣਾ ਲੈ ਸਕਣ।

ਨਾਇਕ ਜਗਸੀਰ ਸਿੰਘ ਦੀ ਸ਼ਹੀਦੀ ਸਿਰਫ਼ ਇੱਕ ਪਰਿਵਾਰ ਦਾ ਨਹੀਂ, ਸਗੋਂ ਪੂਰੇ ਦੇਸ਼ ਦਾ ਨੁਕਸਾਨ ਹੈ। ਉਹ ਇਕ ਸੱਚਾ ਸਿਪਾਹੀ, ਵਫ਼ਾਦਾਰ ਪੁੱਤਰ, ਪਿਆਰ ਕਰਨ ਵਾਲਾ ਪਤੀ ਤੇ ਜ਼ਿੰਮੇਵਾਰ ਪਿਤਾ ਸੀ।

ਅਸੀਂ ਸਮੁੱਚੇ ਹਲਕੇ ਵਾਸੀਆਂ ਵੱਲੋਂ ਇਸ ਮਹਾਨ ਸਪੂਤ ਨੂੰ ਸ਼ਤ ਸ਼ਤ ਨਮਨ ਕਰਦੇ ਹਾਂ।

ਅਕਾਲ ਪੁਰਖ ਅੱਗੇ ਅਰਦਾਸ ਹੈ ਕਿ ਸ਼ਹੀਦ ਨਾਇਕ ਜਗਸੀਰ ਸਿੰਘ ਦੀ ਆਤਮਾ ਨੂੰ ਸ਼ਾਂਤੀ ਪ੍ਰਦਾਨ ਕਰੇ ਤੇ ਪਰਿਵਾਰ ਨੂੰ ਇਹ ਭਾਣਾ ਮੰਨਣ ਦੀ ਸ਼ਕਤੀ ਬਖ਼ਸ਼ੇ।

# ਤਰਨਤਾਰਨ ਸਾਹਿਬ ਦੀ ਜ਼ਿਮਨੀ ਚੋਣ ਵਿੱਚ ਚੇਅਰਮੈਨ ਸਤਨਾਮ ਸਿੰਘ ਜਲਵਾਹਾ ਵਲੋਂ ਸਰਗਰਮੀ ਨਾਲ ਚੋਣ ਪ੍ਰਚਾਰ ਜਾਰੀ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ** ) ਪੰਜਾਬ ਦੇ ਸ਼੍ਰੀ ਤਰਨਤਾਰਨ ਸਾਹਿਬ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਵਿੱਚ ਚੋਣਾਂ ਦਾ ਅਖਾੜਾ ਪੂਰੀ ਤਰ੍ਹਾਂ ਭਖਿਆ ਹੋਇਆ ਹੈ ਅਤੇ ਹਰ ਪਾਰਟੀ ਆਪਣੇ ਉਮੀਦਵਾਰ ਦੇ ਹੱਕ ਵਿੱਚ ਅੱਡੀ ਚੋਟੀ ਦਾ ਜ਼ੋਰ ਲਗਾ ਰਹੀ ਹੈ। ਇਸ ਮੌਕੇ ਇੰਮਪਰੂਵਮੈਂਟ ਟਰੱਸਟ ਨਵਾਂਸ਼ਹਿਰ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ ਵਲੋਂ ਆਪਣੀ ਟੀਮ ਸਮੇਤ ਤਰਨਤਾਰਨ ਸਾਹਿਬ ਹਲਕੇ ਵਿੱਚ ਚੋਣ ਪ੍ਰਚਾਰ ਪੂਰੀ ਸਰਗਰਮੀ ਨਾਲ ਲਗਾਤਾਰ ਜਾਰੀ ਹੈ । ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਜਦੋਂ ਤੋਂ ਚੋਣ ਮੈਦਾਨ ਉਤਰੇ ਹਨ ਉਸੇ ਦਿਨ ਤੋਂ ਲਗਾਤਰ ਜਲਵਾਹਾ ਵਲੋਂ ਤਰਨ-ਤਾਰਨ ਸਾਹਿਬ ਵਿਧਾਨ ਸਭਾ ਹਲਕੇ ਵਿੱਚ ਡੋਰ ਟੂ ਡੋਰ ਪ੍ਰਚਾਰ ਕੀਤਾ ਜਾ ਰਿਹਾ ਹੈ। ਅੱਜ ਚੇਅਰਮੈਨ ਸਤਨਾਮ ਸਿੰਘ ਜਲਵਾਹਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਵਲੋਂ ਲਗਾਈ ਗਈ ਡਿਊਟੀ ਸਬੰਧੀ ਉਨ੍ਹਾਂ ਵਲੋਂ ਲਗਾਤਾਰ ਚੋਣ ਪ੍ਰਚਾਰ ਦੇ ਵਿਚ ਆਪਣੀ ਟੀਮ ਸਮੇਤ ਲਗਾਤਾਰ ਪ੍ਰਚਾਰ ਜਾਰੀ ਹੈ। ਪਿੰਡ ਝਮਕੇ ਖੁਰਦ ਦੇ ਸਰਪੰਚ ਧਰਮਜੀਤ ਸਿੰਘ ਅਤੇ ਸਮੁੱਚੇ ਪੰਚਾਇਤ ਮੈਂਬਰ ਦੇ ਸਹਿਯੋਗ ਨਾਲ ਕੀਤੇ ਜਾ ਰਹੇ ਡੋਰ ਟੂ ਡੋਰ ਪ੍ਰਚਾਰ ਨੂੰ ਲੋਕਾਂ ਵੱਲੋਂ ਵੀ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ। ਇਸ ਮੌਕੇ ਚੇਅਰਮੈਨ ਜਲਵਾਹਾ ਨੇ ਕਿਹਾ ਕਿ ਲੋਕਾਂ ਦੇ ਉਤਸ਼ਾਹ ਅਤੇ ਸਮਰਥਨ ਨੂੰ ਦੇਖਦਿਆਂ ਉਹ ਇਹ ਗੱਲ ਪੂਰੇ ਭਰੋਸੇ ਨਾਲ ਕਹਿ ਸਕਦੇ ਹਨ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਦੀ ਸੀਟ ਵੱਡੀ ਲੀਡ ਨਾਲ ਜ਼ਿਮਨੀ ਚੋਣ ਜਿੱਤ ਕੇ ਸ ਭਗਵੰਤ ਸਿੰਘ ਮਾਨ ਦੀ ਝੋਲੀ ਪਾਉਣਗੇ ਉਨ੍ਹਾਂ ਕਿਹਾ ਕਿ ਨਵਾਂਸ਼ਹਿਰ ਹਲਕੇ ਦੀ ਸਮੁੱਚੀ ਟੀਮ ਤਰਨਤਾਰਨ ਸਾਹਿਬ ਹਲਕੇ ਦੀ ਜ਼ਿਮਨੀ ਚੋਣ ਵਿੱਚ ਵੱਧ ਚੜ੍ਹ ਕੇ ਹਿੱਸਾ ਲੈ ਰਹੀ ਹੈ। ਇਸ ਮੌਕੇ ਪਿੰਡ ਵਾਸੀਆਂ ਨੇ ਕਿਹਾ ਕਿ ਇਸ ਵਾਰ ਲੋਕ ਕਿਸੇ ਬਹਿਕਾਵੇ ਵਿੱਚ ਨਹੀਂ ਆਉਣਗੇ ਅਤੇ ਸ ਭਗਵੰਤ ਸਿੰਘ ਮਾਨ ਦੇ ਵਿਕਾਸ ਕਾਰਜਾਂ ਨੂੰ ਮੁੱਖ ਰੱਖਦਿਆਂ ਆਪਣੀ ਵੋਟ ਹਰਮੀਤ ਸਿੰਘ ਸੰਧੂ ਦੇ ਹੱਕ ਵਿੱਚ ਪਾਕੇ ਹਲਕੇ ਦਾ ਸਰਬਪੱਖੀ ਵਿਕਾਸ ਕਰਾਉਣ-ਗੇ। ਇਸ ਮੌਕੇ ਤੇ ਉਨ੍ਹਾਂ ਨਾਲ ਮਲਕੀਤ ਸਿੰਘ ਨਵਾਂਸ਼ਹਿਰ, ਹਰਭਿੰਦਰ ਸਿੰਘ ਰਾਹੋਂ, ਦਵਿੰਦਰ ਸਿੰਘ ਭਾਰਟਾ, ਚੇਅਰਮੈਨ ਮਾਰਕੀਟ ਕਮੇਟੀ ਗੜ੍ਹਸ਼ੰਕਰ ਬਲਦੀਪ ਸਿੰਘ ਸੈਣੀ, ਜ਼ਿਲ੍ਹਾ ਪ੍ਰਧਾਨ ਐਸ ਸੀ ਵਿੰਗ ਰਾਓ ਕੈਂਡੋਵਾਲ ਤੇ ਪਿੰਡ ਝਮਕੇ ਖ਼ੁਰਦ ਸਰਪੰਚ ਧਰਮਜੀਤ ਸਿੰਘ ਸਮੇਂਤ ਪਿੰਡ ਦੇ ਮੋਹਤਬਰ ਵਿਅਕਤੀ ਹਾਜ਼ਰ ਸਨ ।



# ਸਤਨਾਮ ਜਲਾਲਪੁਰ ਨੇ ਪਿੰਡ ਗੋਲੂ ਮਾਜਰਾ ਦੀ ਪੰਚਾਇਤ ਨੂੰ ਦਿੱਤੀ ਇਕ ਲੱਖ ਰੁਪਏ ਦੀ ਗ੍ਰਾਂਟ

**ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ** ) ਸਤਨਾਮ ਜਲਾਲਪੁਰ ਚੇਅਰਮੈਨ ਜਿਲਾ ਪਲੈਨਿੰਗ ਬੋਰਡ ਤੇ ਜਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ ਨੇ ਆਪਣੇ ਅਖਤਿਆਰੀ ਕੋਟੇ ਵਿੱਚੋਂ ਇਕ ਲੱਖ ਰੁਪਏ ਦੀ ਗਰਾਂਟ ਪਿੰਡ ਗੋਲੂਮਾਜਰਾ ਦੀ ਪੰਚਾਇਤ ਨੂੰ ਦਿੱਤੀ। ਅੱਜ ਮੀਡੀਆ ਨਾਲ ਗੱਲਬਾਤ ਕਰਦਿਆਂ ਸਤਨਾਮ ਜਲਾਲਪੁਰ ਚੇਅਰਮੈਨ ਪਲਾਨਿੰਗ ਬੋਰਡ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਦੱਸਿਆ ਕਿ ਇਹ ਗਰਾਂਟ ਪਿੰਡ ਦੇ ਖੇਡ ਮੈਦਾਨ ਨੂੰ ਤਿਆਰ ਕਰਨ ਲਈ ਦਿੱਤੀ ਗਈ ਹੈ। ਉਹਨਾਂ ਦਾ ਕਹਿਣਾ ਹੈ ਕਿ ਅਗਰ ਸਾਡੇ ਨੌਜਵਾਨ ਖੇਡਾਂ ਨਾਲ ਜੁੜਨਗੇ ਤਾਂ ਜਿੱਥੇ ਉਹ ਨਸ਼ੇ ਤੋਂ ਦੂਰ ਰਹਿਣਗੇ,ਉਥੇ ਹੀ ਉਹਨਾਂ ਦਾ ਭਵਿੱਖ ਉਜਵਲ ਹੋਏਗਾ। ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ਼੍ਰੀ ਭਗਵੰਤ ਸਿੰਘ ਮਾਨ ਜੀ ਦੀ ਇਹ ਪਹਿਲ ਹੈ ਕਿ ਪੰਜਾਬ ਦੀ ਨੌਜਵਾਨੀ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖਣਾ ਅਤੇ ਉਹਨਾਂ ਦੀ ਸਿਹਤ ਸੰਭਾਲ ਲਈ ਪਿੰਡਾਂ ਵਿੱਚ ਸਟੇਡੀਅਮ ਬਣਾਉਣੇ , ਨੋਜਵਾਨਾਂ ਨੂੰ ਕਸਰਤ ਕਰਨ ਲਈ ਜਿੱਮ ਖੋਲ ਕੇ ਦੇਣੇ ਅਤੇ ਹੋਰ ਸਹੂਲਤਾਂ ਦੇਣੀਆਂ ਇਹ ਸਰਕਾਰ ਦਾ ਮੁੱਖ ਕੰਮ ਹੈ।ਪੰਜਾਬ ਸਰਕਾਰ ਖੇਡਾਂ ਨੂੰ ਉਤਸਾਹਿਤ ਕਰਨ ਲਈ ਅਤੇ ਪੰਜਾਬ ਨੂੰ ਦੁਬਾਰਾ ਰੰਗਲਾ ਪੰਜਾਬ ਬਣਾਉਣ ਲਈ ਪੂਰੀ ਤਰ੍ਹਾਂ ਬਚਨਵੱਧ ਹੈ ਅਤੇ ਇਸ ਪ੍ਰਤੀ ਉਹ ਹਰ ਯਤਨ ਪ੍ਰਯਤਨ ਕਰ ਰਹੀ ਹੈ। ਪੰਜਾਬ ਵਿਚ 3000 ਤੋਂ ਵਧ ਖੇਡ ਗਰਾਂਉਡਾਂ ਲਈ ਬਜਟ ਮਨਜੂਰ ਹੋ ਚੁੱਕਾ ਹੈ ਅਤੇ ਜਲਦ ਹੀ ਇਨਾਂ ਦਾ ਕੰਮ ਸ਼ੁਰੂ ਹੋਣ ਲੱਗਾ ਹੈ।ਇਸ ਮੌਕੇ ਚੈਕ ਲੈਣ ਸਮੇਂ ਰੇਖਾ ਰਾਣੀ(ਸਰਪੰਚ), ਬਿੰਦਰ (ਸਾਬਕਾ ਸਰਪੰਚ) , ਰਾਮ ਲੋਕ (ਪੰਚ) , ਜਸਪਾਲ ਭਾਟੀਆ(ਪੰਚ) , ਸੰਦੀਪ ਭਾਟੀਆ,ਨੌਹਰੀਆ ਰਾਮ, ਬਿਹਾਰੀ ਲਾਲ, ਜਸਪਾਲ (ਲੰਬੜਦਾਰ) , ਸੇਠੀ, ਹਰਬੰਸ ਲਾਲ, ਨਿਤੀਸ਼ ਭਾਟੀਆ, ਸੁਭਾਸ਼, ਵਿਜੇ ਕੁਮਾਰ ,ਮਦਨ ਲਾਲ ਤੋਂ ਇਲਾਵਾ ਬਹੁਤ ਸਾਰੇ ਪਿੰਡ ਵਾਸੀ ਹਾਜਰ ਸਨ।



# ਹੁਸ਼ਿਆਰਪੁਰ ਜ਼ਿਲ੍ਹੇ ਦੇ ਇਲਾਕੇ ਤੋੜ ਕੇ ਨਵੇਂ ਜ਼ਿਲ੍ਹੇ ਨਾਲ ਜੋੜਨ ਦੀ ਕਾਰਵਾਈ ਜਨ ਭਾਵਨਾਵਾਂ ਦਾ ਦਮਨ: ਡਾ. ਅਵਤਾਰ ਸਿੰਘ ਕਰੀਮਪੁਰੀ

## ●ਬਸਪਾ ਦੀ ਪੰਜਾਬ ਸੰਭਾਲੋ ਮਹਿਮ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਪਹੁੰਚੀ●ਸ੍ਰੀ ਖੁਰਾਲਗੜ੍ਹ ਸਾਹਿਬ ਨੂੰ ਸਬ ਡਿਵੀਜ਼ਨ ਬਣਾਉਣ ਲਈ ਕਿਹਾ

**ਹੁਸ਼ਿਆਰਪੁਰ (ਚਰਨਜੀਤ ਸੱਲ੍ਹਾਂ)** ਬਹੁਜਨ ਸਮਾਜ ਪਾਰਟੀ (ਬਸਪਾ) ਪੰਜਾਬ ਦੇ ਪ੍ਰਧਾਨ ਅਤੇ ਚੰਡੀਗੜ੍ਹ ਇੰਚਾਰਜ, ਸਾਬਕਾ ਮੈਂਬਰ ਪਾਰਲੀਮੈਂਟ, ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਅੱਜ ਬਾਰ ਐਸੋਸੀਏਸ਼ਨ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਵਕੀਲਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ, ਹੁਸ਼ਿਆਰਪੁਰ ਜ਼ਿਲ੍ਹੇ ਦੇ ਇਲਾਕਿਆਂ ਨੂੰ ਤੋੜ ਕੇ ਨਵੇਂ ਜ਼ਿਲ੍ਹੇ ਨਾਲ ਜੋੜਨ ਦੀ ਪੰਜਾਬ ਸਰਕਾਰ ਦੀ ਕਾਰਵਾਈ ਦੀ ਸਖ਼ਤ ਨਿਖੇਧੀ ਕੀਤੀ।

ਡਾ. ਕਰੀਮਪੁਰੀ ਨੇ ਕਿਹਾ ਕਿ ਨਵਾਂ ਜ਼ਿਲ੍ਹਾ ਬਣਾਉਣ ਦਾ ਇਹ ਮਕਸਦ ਸਿਰਫ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਆਸਥਾ ਦਾ ਸਵਾਲ ਨਹੀਂ ਹੈ, ਸਗੋਂ ਇਸ ਪਿੱਛੇ ਗੁਰੂ ਸਾਹਿਬ ਦੀ ਸੋਚ ਵਿੱਚ ਵਿਸ਼ਵਾਸ ਰੱਖਣ ਵਾਲੇ ਪੰਜਾਬੀਆਂ ਦਾ ਰਾਜਨੀਤਿਕ ਸ਼ਿਕਾਰ ਖੇਡਣ ਦੀ ਸਾਜ਼ਿਸ਼ ਹੈ।

ਜਨ ਭਾਵਨਾਵਾਂ ਦਾ ਸਨਮਾਨ: ਬਸਪਾ ਪੰਜਾਬ ਸਰਕਾਰ ਨੂੰ ਇਹ ਕਹਿਣਾ ਚਾਹੁੰਦੀ ਹੈ ਕਿ ਉਹ ਜਨ ਭਾਵਨਾ ਦਾ ਦਮਨ ਕਰਕੇ ਅੱਗੇ ਵਧਣ ਦੀ ਬਜਾਏ, ਲੋਕਾਂ ਦੀਆਂ ਭਾਵਨਾਵਾਂ ਦਾ ਸਨਮਾਨ ਕਰੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਲੋਕ ਭਾਵਨਾਤਮਕ ਤੌਰ 'ਤੇ ਹੁਸ਼ਿਆਰਪੁਰ ਨਾਲ ਜੁੜੇ ਹੋਏ ਹਨ ਅਤੇ ਉਨ੍ਹਾਂ ਨੂੰ ਤਾਨਾਸ਼ਾਹੀ ਢੰਗ ਨਾਲ ਹੁਸ਼ਿਆਰਪੁਰ ਤੋਂ ਅਲੱਗ ਕਰਨ ਦੀ ਕੋਈ ਵੀ ਸਰਕਾਰ ਕੋਸ਼ਿਸ਼ ਨਾ ਕਰੇ।

ਸ੍ਰੀ ਖੁਰਾਲਗੜ੍ਹ ਸਾਹਿਬ ਨੂੰ ਸਬ-ਡਿਵੀਜ਼ਨ ਬਣਾਉਣ ਦੀ ਮੰਗ: ਉਨ੍ਹਾਂ ਮੰਗ ਕੀਤੀ ਕਿ ਸ੍ਰੀ ਖੁਰਾਲਗੜ੍ਹ ਸਾਹਿਬ, ਜਿੱਥੇ ਸ੍ਰੀ ਗੁਰੂ ਰਵਿਦਾਸ ਜੀ ਆਪਣੀ ਜ਼ਿੰਦਗੀ ਵਿੱਚ ਆਏ ਸਨ, ਉਸਨੂੰ ਸਬ-ਡਿਵੀਜ਼ਨ (ਉਪ-ਮੰਡਲ) ਬਣਾਇਆ ਜਾਵੇ ਤਾਂ ਜੋ ਬੀਤ ਇਲਾਕੇ ਦੇ ਲੋਕਾਂ ਨੂੰ ਸਿੱਧਾ ਫਾਇਦਾ ਮਿਲ ਸਕੇ।

ਖਾਲਸਾ ਪੰਥ ਅਤੇ ਜਾਤ-ਪਾਤ ਦਾ ਖਾਤਮਾ: ਡਾ. ਕਰੀਮਪੁਰੀ ਨੇ ਜ਼ੋਰ ਦੇ ਕੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 13 ਅਪ੍ਰੈਲ, 1699 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਾਜਨਾ "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" ਦੇ ਮਹਾਨ ਸਿਧਾਂਤ ਅਨੁਸਾਰ ਜਾਤ-ਪਾਤ ਦੇ ਖਾਤਮੇ ਦੇ ਮਕਸਦ ਨਾਲ ਕੀਤੀ ਸੀ। ਉਨ੍ਹਾਂ ਦੋਸ਼ ਲਾਇਆ ਕਿ ਅੱਜ ਦੇ ਹੁਕਮਰਾਨਾਂ ਨੇ ਇਸ ਪਾਸੇ ਕੋਈ ਯਤਨ ਨਹੀਂ ਕੀਤਾ, ਸਗੋਂ ਗੁਰੂ ਸਾਹਿਬ ਵਿੱਚ ਭਰੋਸਾ ਰੱਖਣ ਵਾਲੀ ਸੰਗਤ ਦਾ ਰਾਜਨੀਤਿਕ ਸ਼ਿਕਾਰ ਕਰਨ ਦੀਆਂ ਨੀਤੀਆਂ ਬਣਾਉਂਦੇ ਰਹੇ ਹਨ, ਕਿ ਸਰਕਾਰ ਦੇ ਅੰਦਰ ਧਾਰਮਿਕ ਸ਼ਰਧਾ ਹੁੰਦੀ ਤਾਂ ਉਹ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਜਿੰਮੇਵਾਰ ਦੋਸ਼ੀਆਂ ਦੀ ਗ੍ਰਿਫਤਾਰੀ ਹੁਣ ਤੱਕ ਕਰ ਚੁੱਕੇ ਹੁੰਦੇ ਪ੍ਰੰਤੂ ਇਹ ਨਹੀਂ ਹੋਇਆ

ਰੋਪੜ ਜ਼ਿਲ੍ਹੇ ਦੇ ਨਾਮਕਰਨ ਦਾ ਸੁਝਾਅ: ਡਾ. ਕਰੀਮਪੁਰੀ ਨੇ ਕਿਹਾ ਕਿ ਸਰਕਾਰ ਰੋਪੜ ਜ਼ਿਲ੍ਹੇ ਦਾ ਨਾਮ ਭਾਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਗੁਰੂ ਤੇਗ ਬਹਾਦਰ ਜੀ ਜਾਂ ਖਾਲਸਾ ਪੰਥ ਦੇ ਨਾਮ 'ਤੇ ਰੱਖ ਸਕਦੀ ਹੈ, ਪਰੰਤੂ ਇਮੋਸ਼ਨਲੀ ਜੁੜੇ ਹੋਏ ਹੁਸ਼ਿਆਰਪੁਰ ਜ਼ਿਲ੍ਹੇ ਨੂੰ ਤੋੜਨ ਦੀ ਪ੍ਰਕਿਰਿਆ ਨੂੰ ਬਰਦਾਸ਼ਤ ਨਹੀਂ ਕੀਤਾ ਪੰਜਾਬ ਸਰਕਾਰ ਸੰਗਤਾਂ ਨੂੰ ਇਸ ਦਾ ਜਵਾਬ ਦੇਵੇ ਜਾਵੇਗਾ ਅਤੇ ਇਸਦਾ ਸਖ਼ਤ ਵਿਰੋਧ ਕੀਤਾ ਜਾਵੇਗਾ।


**ਡਾ. ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ, ਬਹੁਜਨ ਸਮਾਜ ਪਾਰਟੀ ਪੰਜਾਬ ਇੰਚਾਰਜ ਚੰਡੀਗੜ੍ਹ ਸਾਬਕਾ ਮੈਂਬਰ ਪਾਰਲੀਮੈਂਟ, ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ, ਚੱਬੇਵਾਲ ਤੋਂ ਪਰਮਿੰਦਰ ਕੁਮਾਰ ਚੱਬੇਵਾਲ ਅਤੇ ਬਸਪਾ ਦੇ ਹੋਰ ਆਗੂ ਵੀ ਸਨ।**



# ਗੁਰੂ ਨਾਨਕ ਦੇਵ ਜੀ ਦੇ ਸਮਾਨਤਾ ਤੇ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦੇ ਸਿਧਾਂਤ ਅੱਜ ਬਸਪਾ ਦੀ 'ਪੰਜਾਬ ਸੰਭਾਲੋ ਮੁਹਿੰਮ' ਲਈ ਰਾਹ ਦਸੇਰਾ: ਸਰਦਾਰਨੀ ਹਰਜਿੰਦਰ ਕੌਰ ਕਰੀਮਪੁਰੀ

**ਚੰਡੀਗੜ੍ਹ/ਜਲੰਧਰ(ਚਰਨਜੀਤ ਸੱਲ੍ਹਾਂ )** ਸਰਦਾਰਨੀ ਹਰਜਿੰਦਰ ਕੌਰ ਕਰੀਮਪੁਰੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਪੁਰਬ ਦੀਆਂ ਸਮੂਹ ਪੰਜਾਬੀਆਂ ਅਤੇ ਦੇਸ਼ ਵਾਸੀਆਂ ਨੂੰ ਹਾਰਦਿਕ ਵਧਾਈਆਂ ਦਿੱਤੀਆਂ ਹਨ।

ਇਸ ਪਵਿੱਤਰ ਮੌਕੇ 'ਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਸਰਦਾਰਨੀ ਹਰਜਿੰਦਰ ਕੌਰ ਜੀ ਨੇ ਕਿਹਾ: ਗੁਰੂ ਸਾਹਿਬ ਦਾ ਸਮਾਨਤਾ ਦਾ ਸੰਦੇਸ਼: ਉਨ੍ਹਾਂ ਕਿਹਾ ਕਿ ਜਗਤ ਗੁਰੂ ਬਾਬਾ ਨਾਨਕ ਜੀ ਨੇ ਆਪਣੇ ਸਮੇਂ ਵਿੱਚ ਊਚ-ਨੀਚ, ਜਾਤ-ਪਾਤ ਦੇ ਭੇਦਭਾਵ ਨੂੰ ਖਤਮ ਕਰਨ ਲਈ 'ਏਕ ਨੂਰ ਤੇ ਸਭੁ ਜਗੁ ਉਪਜਿਆ' ਦਾ ਮਹਾਨ ਸਿਧਾਂਤ ਦਿੱਤਾ, ਜਿਸਦਾ ਮਕਸਦ ਸਾਰੇ ਮਨੁੱਖਾਂ ਨੂੰ ਇੱਕ ਸਮਾਨ ਸਮਝਣਾ ਸੀ। ਉਨ੍ਹਾਂ ਵੱਲੋਂ ਦਿੱਤਾ ਗਿਆ ਲੰਗਰ ਦਾ ਸਿਧਾਂਤ ਵੀ



ਸਮਾਜਿਕ ਸਮਾਨਤਾ ਦੀ ਸਭ ਤੋਂ ਵੱਡੀ ਮਿਸਾਲ ਹੈ।

ਮੌਜੂਦਾ ਸੰਦਰਭ: ਸਰਦਾਰਨੀ ਕਰੀਮਪੁਰੀ ਜੀ ਨੇ ਕਿਹਾ ਕਿ ਅੱਜ ਪੰਜਾਬ ਵਿੱਚ ਗਰੀਬੀ, ਭ੍ਰਿਸ਼ਟਾਚਾਰ ਅਤੇ ਬੇਇਨਸਾਫ਼ੀ ਦਾ ਬੋਲਬਾਲਾ ਹੈ, ਜੋ ਗੁਰੂ ਸਾਹਿਬ ਦੇ ਆਦਰਸ਼ਾਂ ਦੇ ਬਿਲਕੁਲ ਉਲਟ ਹੈ। 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦੇ ਸਿਧਾਂਤ ਨੂੰ ਭੁਲਾ ਕੇ, ਅੱਜ ਦੀਆਂ ਸਰਕਾਰਾਂ ਸਿਰਫ਼ ਖਾਸ ਵਰਗਾਂ ਦੇ ਹਿੱਤਾਂ ਲਈ ਕੰਮ ਕਰ ਰਹੀਆਂ ਹਨ।

'ਪੰਜਾਬ ਸੰਭਾਲੋ ਮੁਹਿੰਮ' ਨਾਲ ਸਬੰਧ: ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਬਸਪਾ ਦੀ 'ਪੰਜਾਬ ਸੰਭਾਲੋ ਮੁਹਿੰਮ' ਦਾ ਮੂਲ ਮਕਸਦ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਮਾਰਗ 'ਤੇ ਚੱਲਦਿਆਂ, ਪੰਜਾਬ ਵਿੱਚ ਬੇਇਨਸਾਫ਼ੀ ਅਤੇ ਭ੍ਰਿਸ਼ਟਾਚਾਰ ਨੂੰ ਖਤਮ ਕਰਕੇ ਗਰੀਬਾਂ, ਮਜ਼ਲੂਮਾਂ ਅਤੇ ਬਹੁਜਨ ਸਮਾਜ ਨੂੰ ਉਨ੍ਹਾਂ ਦਾ ਬਣਦਾ ਹੱਕ ਦਿਵਾਉਣਾ ਹੈ।

ਅਪੀਲ: ਸਰਦਾਰਨੀ ਹਰਜਿੰਦਰ ਕੌਰ ਜੀ ਨੇ ਸਮੂਹ ਮਹਿਲਾਵਾਂ ਅਤੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਨਾਨਕ ਦੇਵ ਜੀ ਦੇ ਸਮਾਨਤਾ, ਸੇਵਾ ਅਤੇ ਸੱਚਾਈ ਦੇ ਸੰਦੇਸ਼ ਨੂੰ ਮੁੜ ਸੁਰਜੀਤ ਕਰਨ ਲਈ ਬਸਪਾ ਦੀ ਇਸ ਮੁਹਿੰਮ ਦਾ ਹਿੱਸਾ ਬਣਨ। ਉਨ੍ਹਾਂ ਕਿਹਾ ਕਿ ਸਾਨੂੰ ਮਿਲ ਕੇ ਇੱਕ ਅਜਿਹੇ ਪੰਜਾਬ ਦੀ ਸਿਰਜਣਾ ਕਰਨੀ ਹੈ, ਜਿੱਥੇ ਹਰ ਨਾਗਰਿਕ ਨੂੰ ਇਨਸਾਫ਼ ਮਿਲੇ।

ਸਰਦਾਰਨੀ ਹਰਜਿੰਦਰ ਕੌਰ ਕਰੀਮਪੁਰੀ ਜੀ ਨੇ ਪ੍ਰਕਾਸ਼ ਪੁਰਬ ਦੀਆਂ ਮੁੜ ਵਧਾਈਆਂ ਦਿੰਦੇ ਹੋਏ, ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।

# ਇਲੈਕਸ਼ਨ ਕਮਿਸ਼ਨਰ ਪੰਜਾਬ ਦਲਿਤਾਂ ਦੇ ਜ਼ਖ਼ਮਾਂ ਤੇ ਲੂਣ ਨਾ ਛਿੜਕੇ:ਗੋਲਡੀ ਪੁਰਖਾਲੀ

**ਰੋਪੜ( ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਰੋਪੜ ਦੇ ਸਾਬਕਾ ਜਿਲਾ ਪ੍ਰਧਾਨ ਗੋਲਡੀ ਪੁਰਖਾਲੀ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਕਾਂਗਰਸ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ ਵੱਲੋਂ ਮਰਹੂਮ ਸ.ਬੂਟਾ ਸਿੰਘ ਜੀ ਪ੍ਰਤੀ ਭੱਦੀ ਸਬਦਾਬਲੀ ਬੋਲੀ ਗਈ ਸੀ ਜਿਸ ਤੇ ਤੁਰੰਤ ਸੂ ਮੋਟੋ ਲੈਦਿਆ ਐਸ ਸੀ ਕਮਿਸ਼ਨ ਪੰਜਾਬ ਸ.ਜਸਵੀਰ ਸਿੰਘ ਗੜੀ ਵੱਲੋਂ ਰਿਟਰਨਿੰਗ ਅਫ਼ਸਰ ਨੂੰ ਅਤੇ ਰਾਜਾ ਵੜਿੰਗ ਨੂੰ ਤਲਬ ਕੀਤਾ ਗਿਆ ਸੀ ।ਪਰੰਤੂ ਰਿਟਰਨਿੰਗ ਅਫਸਰ ਵੱਲੋਂ ਇਸ ਕੇਸ ਪ੍ਰਤੀ ਗੰਭੀਰਤਾ ਨਹੀ ਦਿਖਾਈ ਅਤੇ ਐਸ ਸੀ ਕਮਿਸ਼ਨ ਵੱਲੋਂ ਮੁੜ ਸੰਗਿਆਨ ਲੈਦਿਆ ਮੁੱਖ ਜਿਲਾ ਚੋਣ ਅਫਸਰ ਨੂੰ ਤਲਬ ਕਰ ਲਿਆ ਗਿਆ। ਪਰੰਤੂ ਸੋਸ਼ਲ ਮੀਡੀਆ ਤੇ ਦੇਖਣ ਵਿੱਚ ਆਇਆ ਹੈ ਕਿ ਮੁੱਖ ਚੋਣ ਕਮਿਸ਼ਨਰ ਪੰਜਾਬ ਐਸ ਸੀ ਕਮਿਸ਼ਨ ਦੀ ਇਸ ਕਾਰਵਾਈ ਤੇ ਇਤਰਾਜ ਜਤਾ ਰਿਹਾ ਹੈ ਜੋ ਕਿ ਸਰਾਸਰ ਗਲਤ ਹੈ ।ਚੋਣ ਕਮਿਸ਼ਨਰ ਇਹ ਨਜਾਇਜ ਇਤਰਾਜ ਜਤਾ ਕੇ ਪੂਰੀ ਦਲਿਤ ਕੌਮ ਦੇ ਜ਼ਖ਼ਮਾਂ ਤੇ ਲੂਣ ਛਿੜਕ ਰਿਹਾ ਹੈ ਜਿਸਦਾ ਪੂਰੀ ਦਲਿਤ ਕੌਮ ਸਖ਼ਤ



ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ ।ਦੋਸ਼ੀ ਨੂੰ ਅਰੈਸਟ ਕਰਕੇ ਜੇਲ ਵਿੱਚ ਸੁੱਟਣਾ ਹੁੰਦਾ ਹੈ ਨਾ ਕਿ ਉਸਦਾ ਪੱਖ ਪੂਰਨਾ।ਅਖੀਰ ਵਿੱਚ ਉਹਨਾ ਕਿਹਾ ਕਿ ਜੇਕਰ ਦੋਸ਼ੀ ਤੁਰੰਤ ਫੜਿਆ ਨਾ ਗਿਆ ਤਾਂ ਸਮੁੱਚਾ ਦਲਿਤ ਸਮਾਜ ਸੜਕਾਂ ਤੇ ਉਤਰੇਗਾ।

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਲਿਖੀ ਬਾਣੀ ਤੇ ਅਮਲ ਕਰਕੇ ਉਨ੍ਹਾਂ ਦੇ ਦਰਸਾਏ ਮਾਰਗ ਤੇ ਚੱਲਣਾ ਹੀ ਉਨ੍ਹਾਂ ਦੀ ਸੱਚੀ ਭਗਤੀ ਏ :- ਡਾਕਟਰ ਕਟਾਰੀਆ, ਡਾਕਟਰ ਸਹਿਗਲ

**ਬੰਗਾ( ਚਰਨਜੀਤ ਸੱਲ੍ਹਾਂ )** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਬਲਾਕ ਬਹਿਰਾਮ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਜਤਿੰਦਰ ਸਹਿਗਲ ਦੀ ਪ੍ਰਧਾਨਗੀ ਹੇਠ ਪਹਿਲੀ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਕੀਤੀ ਗਈ। ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਮੀਟਿੰਗ ਵਿੱਚ ਐਸੋਸੀਏਸ਼ਨ ਨੂੰ ਪੇਸ਼ ਆ ਰਹੀਆਂ ਮੁਸਕਲਾਂ ਤੇ ਵਿਚਾਰ ਚਰਚਾ ਕੀਤੀ ਗਈ। ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਅਤੇ ਬਲਾਕ ਪ੍ਰਧਾਨ ਡਾਕਟਰ ਜਤਿੰਦਰ ਸਹਿਗਲ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਲਿਖੀ ਬਾਣੀ ਤੇ ਅਮਲ ਕਰਦਿਆਂ ਉਨ੍ਹਾਂ ਦੇ ਦਰਸਾਏ ਮਾਰਗ ਤੇ ਚੱਲਣਾ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੱਚੀ ਭਗਤੀ ਏ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਂਝੀਵਾਲਤਾ ਦਾ ਸੰਦੇਸ਼ ਦਿੰਦਿਆ ਕਿਹਾ ਸੀ ਕਿ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।ਸੋ ਸਾਨੂੰ ਸਾਰਿਆਂ ਨੂੰ ਹਰ ਇੱਕ ਇਨਸਾਨ ਦਾ ,ਹਰ ਇੱਕ ਧਰਮ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ



ਸੀ ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ਦੇ ਸੰਦਰਭ ਸਾਨੂੰ ਹਵਾ ਪਾਣੀ ਅਤੇ ਜ਼ਮੀਨ ਦੀ ਸੰਭਾਲ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ। ਪ੍ਰਦੂਸ਼ਿਤ ਰਹਿਤ ਹਵਾ ਲਈ ਹਰ ਇੱਕ ਮਨੁੱਖ ਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਪਾਣੀ ਦੀ ਲੋੜ ਅਨੁਸਾਰ ਹੀ ਵਰਤੋਂ ਕਰਨੀ ਚਾਹੀਦੀ ਹੈ।ਖਾਦਾ ਤੋਂ ਰਹਿਤ ਖੇਤੀ ਕਰਨੀ ਚਾਹੀਦੀ ਹੈ। ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਅਤੇ ਬਲਾਕ ਪ੍ਰਧਾਨ ਡਾਕਟਰ ਜਤਿੰਦਰ ਸਹਿਗਲ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਨੂੰ ਮੈਡੀਕਲ ਪ੍ਰੈਕਟੀਸ਼ਨਰਜ਼ ਦੇ ਲੰਮੇ ਸਮੇਂ ਤੋਂ ਲਟਕਦੇ ਮਸਲੇ ਨੂੰ ਹੱਲ ਕਰਨ ਲਈ ਤਵੱਜੋ ਦੇਣੀ ਚਾਹੀਦੀ ਹੈ ਤਾਂ ਜੋ ਮੈਡੀਕਲ ਪ੍ਰੈਕਟੀਸ਼ਨਰਜ਼ ਬਿਨਾਂ ਕਿਸੇ ਡਰ ਤੋਂ ਆਮ ਅਤੇ ਗਰੀਬ ਲੋਕਾਂ ਨੂੰ ਸਸਤੀਆਂ ਸਿਹਤ ਸਹੂਲਤਾਂ ਦੇਣ ਦੇ ਨਾਲ ਨਾਲ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਸਕਣ। ਇਸ ਸਮੇਂ ਡਾਕਟਰ ਸੁਖਵਿੰਦਰ ਮੰਢਾਲੀ, ਡਾਕਟਰ ਅਸ਼ੋਕ ਕੁਮਾਰ ਮੁਕੰਦਪੁਰ, ਡਾਕਟਰ ਚਰਨਜੀਤ, ਡਾਕਟਰ ਸਤਨਾਮ ਜੋਹਲ, ਡਾਕਟਰ ਗੁਲਸ਼ਨ ਕੁਮਾਰ, ਡਾਕਟਰ ਰਜਿੰਦਰ ਸੋਧੀਂ, ਡਾਕਟਰ ਰਸ਼ਪਾਲ, ਡਾਕਟਰ ਸਤਵਿੰਦਰ ਜੀਤ, ਡਾਕਟਰ ਗੁਲਜ਼ਾਰ, ਡਾਕਟਰ ਰਸ਼ਪਾਲ ਭੱਟੀ, ਡਾਕਟਰ ਅਬਦੁਲ ਗਫਾਰ, ਡਾਕਟਰ ਜਿਉਤੀ, ਡਾਕਟਰ ਹੁਸਨ ਲਾਲ, ਡਾਕਟਰ ਸੰਜੇ ਕਪਿਲ, ਡਾਕਟਰ ਪਰਮਜੀਤ ਜੰਡਿਆਲਾ, ਡਾਕਟਰ ਰੋਹਿਤ ਨਾਂਗਲਾ ਆਦਿ ਹਾਜ਼ਰ ਸਨ।

## ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਵਲੋਂ ਉੱਚ ਅਹੁੱਦਾ ਤੇ ਰਹਿ ਕੇ ਸੇਵਾ ਕਰਨ ਵਾਲੇ ਸਵਰਗੀ ਬੂਟਾ ਸਿੰਘ ਤੇ ਟਿੱਪਣੀ ਕਰਨਾ ਮੰਦਭਾਗਾ - ਮਦਨ ਮੀਲੂ ਟੌਂਸਾ

### ਹਾਈਕਮਾਂਡ ਤੁਰੰਤ ਰਾਜਾ ਵੜਿੰਗ ਨੂੰ ਹਟਾ ਕੇ ਨਵੇ ਪ੍ਰਧਾਨ ਨੂੰ ਨਿਯੁਕਤ ਕਰੇ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )-** ਪੰਜਾਬ ਕਾਂਗਰਸ ਕਮੇਟੀ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਲੋਂ ਇਕ ਚੋਣ ਰੈਲੀ ਦੌਰਾਨ ਭਾਰਤ ਦੇ ਸਾਬਕਾ ਗ੍ਰਹਿ ਮੰਤਰੀ ਤੇ ਪ੍ਰਸਿੱਧ ਸਿਆਸਤਦਾਨ ਸਵਰਗੀ ਬੂਟਾ ਸਿੰਘ ਵਿਰੁੱਧ ਕੀਤੀ ਗਈ ਰੰਗ ,ਨਸਲ ਤੇ ਜਾਤੀਵਾਦ ਦੀ ਟਿੱਪਣੀ ਨਾਲ ਨੇ ਲੋਕਾਂ ਦੇ ਮਨਾਂ ਨੂੰ ਡੂੰਘੀ ਠੇਸ ਪਹੁੰਚਾਈ ਹੈ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾਂ ਕਾਂਗਰਸ ਦੇ ਸੀਨੀਅਰ ਆਗੂ ਅਤੇ ਉੱਘੇ ਸਮਾਜ ਸੇਵੀ ਮਦਨ ਮੀਲੂ ਟੌਂਸਾ ਨੇ ਕੀਤਾ । ਉਨ੍ਹਾਂ ਕਿਹਾ ਕਿ ਕਾਂਗਰਸ , ਪਾਰਟੀ ਦੇ ਪੰਜਾਬ ਪ੍ਰਧਾਨ ਵਲੋਂ ਭਾਰਤ ਦੇ ਸਾਬਕਾ ਗ੍ਰਹਿ ਮੰਤਰੀ ਤੇ ਮਸ਼ਹੂਰ ਸਿਆਸਤਦਾਨ ਸਵਰਗੀ ਬੂਟਾ ਸਿੰਘ ਵਿਰੁੱਧ ਕੀਤੀ ਟਿੱਪਣੀ ਨਾਲ ਐਸੀ ਸਮਾਜ ਦੇ ਮਨਾਂ ਨੂੰ ਭਾਰੀ ਠੇਸ ਪਹੁੰਚੀ ਹੈ ।

ਉਨ੍ਹਾਂ ਕਿਹਾ ਕਿ ਜਿਸ ਸਖਸ਼ ਨੇ ਭਾਰਤ ਦੇ ਗ੍ਰਹਿ ਮੰਤਰੀ ਅਤੇ ਉੱਚ ਅਹੁੱਦਿਆਂ ਤੇ ਰਹਿ ਕੇ ਦੇਸ਼ ਦੀ ਸੇਵਾ ਕੀਤੀ ਹੋਵੇ ਉਸ ਖਿਲਾਫ ਅਜਿਹੀ ਭਾਵਨਾ ਰੱਖਣੀ ਗਲਤ ਹੈ । ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨੇ ਲਗਾਤਾਰ ਦਲਿਤ ਭਾਈਚਾਰੇ ਨੂੰ ਆਪਣਾ ਵੋਟ ਬੈਂਕ ਦੇ ਤੌਰ ਤੇ ਵਰਤਿਆ ਜਿੱਤਣ ਤੋਂ ਬਾਅਦ ਉਨ੍ਹਾਂ ਨੂੰ ਹਾਸ਼ੀਏ ਵੱਲ ਧੱਕ ਦਿੱਤਾ । ਉਨ੍ਹਾਂ ਕਿਹਾ ਕਿ ਜਦੋਂ ਦਾ ਪਾਰਟੀ ਹਾਈਕਮਾਂਡ ਵਲੋਂ ਰਾਜਾ ਵੜਿੰਗ ਨੂੰ ਪ੍ਰਧਾਨ ਲਗਾਇਆ





ਗਿਆ ਹੈ । ਉਦੋਂ ਤੋਂ ਹੀ ਕਾਂਗਰਸ ਦਾ ਗ੍ਰਾਫ ਲਗਾਤਾਰ ਡਿੱਗਦਾ ਜਾ ਰਿਹਾ ਹੈ । ਉਨ੍ਹਾਂ ਕਿਹਾ ਕਿ ਸਾਨੂੰ ਜਾਤੀ , ਰੰਗ ਨਸਲ ਤੋਂ ਉਪਰ ਉੱਠ ਕੇ ਕੰਮ ਕਰਨਾ ਚਾਹੀਦਾ । ਕਦੇ ਵੀ ਕਿਸੇ ਨਾਲ ਜਾਤੀ ਰੰਗ ਨਸਲ ਤੇ ਭੇਦਭਾਵ ਨਹੀ ਕਰਨਾ ਚਾਹੀਦਾ । ਉਨ੍ਹਾਂ ਨੇ ਪਾਰਟੀ ਸੁਪਰੀਮੋ ਸੋਨੀਆ ਗਾਂਧੀ, ਰਾਹੁਲ ਗਾਂਧੀ ਤੇ ,ਪ੍ਰਿੰਕਾ ਗਾਂਧੀ ਨੂੰ ਰਾਜਾ ਵੜਿੰਗ ਦੀ ਇਸ ਗਲਤ ਟਿੱਪਣੀ ਨੂੰ ਧਿਆਨ ਵਿੱਚ ਰੱਖਦੇ ਹੋਏ ਇਨ੍ਹਾਂ ਨੂੰ ਤਰੁੰਤ ਇਸ ਪਦ ਦਾ ਹਟਾਉਣਾ ਚਾਹੀਦਾ । ਆਉਣ ਵਾਲੀਆਂ ਚੋਣਾਂ ਵਿੱਚ ਵਿੱਚ ਇਨ੍ਹਾਂ ਗਲਤ ਟਿੱਪਣੀਆ ਦਾ ਖਮਿਆਜ਼ਾ ਭੁਗਤਣਾ ਪੈ ਸਕਦੇ ਹੈ ।

# ਕੀ ਸਿੱਖਿਆ

ਕਲ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਅਸੀਂ ਸਿਧਾਂਤਾਂ ਨਾਲ ਕਿੰਨਾ ਚੱਲੇ ਦੋ ਦਿਨ ਪਹਿਲਾਂ ਸਕੂਲਾਂ ਦੇ ਬੱਚੇ ਆਏ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮਦਿਨ ਹੈ ਨਤਮਸਤਕ ਹੋਣ ਆਏ ਬੜੀ ਖੁਸ਼ੀ ਹੋਈ ਸਟਾਫ ਤੇ ਬੱਚਿਆਂ ਤੇ ਜੋ ਬੱਚਿਆਂ ਦਾ ਤਾਂ ਖੈਰ ਕੋਈ ਕਸੂਰ ਨਹੀਂ ਉਹਨਾਂ ਨੇ ਮੱਥਾ ਟੇਕਿਆ ਪ੍ਰਸ਼ਾਦ ਲੈ ਕੇ ਆਪਣੇ ਆਪਣੇ ਘਰਾਂ ਨੂੰ ਗਏ ਉਹਨਾਂ ਨੂੰ ਆਖਿਆ ਗਿਆ ਕਿ ਤੁਸੀਂ ਬੂਟੇ ਲਗਾਉਣੇ ਹਨ ਆਪਣੇ ਜਨਮ ਦਿਨ ਤੇ ਵੀ ਫਿਰ ਮੈਂ ਇੱਕ ਦੋ ਸਕੂਲਾਂ ਵਿੱਚ ਸੁਨੇਹਾ ਵੀ ਭੇਜਿਆ ਕਿ ਇੱਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਹੈ ਤੁਸੀਂ ਵਾਤਾਵਰਨ ਦੀ ਸੰਭਾਲ ਕਰਨ ਦੇ ਲਈ ਬੂਟੇ ਲਾਓ, ਕੋਸ਼ਿਸ਼ ਸਭ ਬੇਕਾਰ। ਬੜੇ ਲੋਕਾਂ ਨੇ ਪੋਸਟਾਂ ਪਾਈਆਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਕਾਸ਼ ਪੁਰਬ ਪ੍ਰਭਾਤ ਫੇਰੀਆਂ ਨਗਰ ਕੀਰਤਨ ਤੇ ਜਗਾ ਜਗਾ ਕੂਚੇ ਕੂਚੇ ਲੈ ਕੇ ਘੁੰਮਣਾ ਇਨੇ ਪਵਿੱਤਰ ਗ੍ਰੰਥ ਨੂੰ ਇਹ ਬਹੁਤ ਵੱਡੀ ਬੇਅਦਬੀ ਹੈ ਸਿਰਫ ਇਹ ਤਰੀਕਾ ਹੈ ਪੈਸੇ ਇਕੱਠੇ ਕਰਨ ਦਾ, ਕਿਉਂਕਿ ਸ਼ਰਧਾ ਅੰਨੀ ਹੁੰਦੀ ਹੈ ਤੇ ਕੋਈ ਸਵਾਲ ਨਹੀਂ ਉਠਾਉਂਦਾ, ਕਿ ਇਸ ਮਾਇਆ ਦਾ ਕੀ ਕੀਤਾ ਜਾਂਦਾ ਹੈ। ਦਿਖਾਵਾ ਹੀ ਦਿਖਾਵਾ ਸਭ ਪਾਸੇ ਗੁਰਦੁਆਰਾ ਸਾਹਿਬ ਇਨੀ ਭੀੜ ਸੀ ਲੰਗਰ ਦੇ ਸਮੇਂ ਦੇ ਕੋਲ ਕਿ ਪੈਰ ਰੱਖਣ ਦੀ ਜਗਾ ਨਹੀਂ ਸੀ ਰਾਗੀ ਸਿੰਘ ਬੜੇ ਖੁਸ਼ ਹੋ ਕੇ ਗਏ ਕਿਉਂਕਿ ਉਹਨਾਂ ਨੇ ਨਿਸ਼ਕਾਮ ਸੇਵਾ ਨਹੀਂ ਸੀ ਕੀਤੀ ਜੋ ਚਾਹਿਆ ਸੀ ਫਲ ਮਿਲਿਆ। ਪ੍ਰਬੰਧਕ ਕਮੇਟੀਆਂ ਇਹਨਾਂ ਦੇ ਗੁਣ ਗਾਉਂਦੀਆਂਆ ਹਨ, ਰਾਗੀ ਜਥੇ ਪ੍ਰਬੰਧਕ ਕਮੇਟੀਆਂ ਦੇ ਬਸ ਭਾਜੀ ਇੱਕ ਦੂਜੇ ਨੂੰ ਮੋੜੀ ਜਾਂਦੇ ਹਨ, ਕਿਉਂਕਿ ਤੁਸੀਂ ਉਸ ਦਰ ਤੇ ਸਵਾਲ ਨਹੀਂ ਕਰ ਸਕਦੇ ਤੁਹਾਡੇ ਉੱਤੇ ਪ੍ਰਸ਼ਨਾਂ ਦੀ ਬੁਛਾੜ ਲੱਗ ਜਾਵੇਗੀ ਤੇ ਤੁਸੀਂ ਇਸ ਤਰਾਂ ਕਿਉ ਕੀਤਾ। ਹੱਦ ਮੁੱਕ ਗਈ ਜਦੋਂ ਕਿਸੇ ਨੇ ਪੋਸਟ ਪਾਈ ਕਿ ਤੇਰਾਂ ਤੇਰਾਂ ਰੁਪਏ ਵਿੱਚ ਬਾਬੇ ਦੇ ਨਾਂ ਤੇ ਆ ਕੇ ਕੱਪੜੇ ਲੈ ਜਾਓ, ਲਾਈਕ ਕਮੈਂਟ ਲੈ ਕੇ ਉਹ ਪੈਸੇ ਬਣਾ ਗਏ ਤੇ ਲੋਕਾਂ ਦੀ ਭੀੜ ਦੁਕਾਨ ਦੇ ਬਾਹਰ ਲੱਗੀ ਰਹੀ।

ਬਸ ਬਸ ਬਸ ਬਾਬਾ ਨਾਨਕ ਮੈਂ ਤੁਹਾਡੇ ਤੋਂ ਮਾਫੀ ਮੰਗ ਰਹੀ ਹਾਂ ਜੋ ਮੈਂ ਦੇਖਿਆ ਉਹ ਆਪਦੇ ਸਿਧਾਂਤਾਂ ਦੇ ਖਿਲਾਫ਼ ਸੀ ਤੇ ਸਭ ਆਪੋ ਆਪਣੀ ਮਰਜ਼ੀ ਕਰ ਰਹੇ ਸਨ ਬੰਬ ਪਟਾਕੇ ਚਲਾ ਕੇ , ਵਾਤਾਵਰਣ ਨੂੰ ਖੁਸ਼ਨੁਮਾ ਕਰ ਰਹੇ ਸਨ,ਜਗਾ ਜਗਾ ਲੰਗਰ ਲਾ ਕੇ, ਸਟਾਲ ਲਾ ਕੇ ਜੋ ਇਹਨਾਂ ਤੋਂ ਖੈਰ ਹੁੰਦਾ ਸੀ ਸਭ ਸਿਧਾਤਾਂ ਤੋਂ ਉਲਟ, ਬਹੁਤ ਉੱਚ ਕੋਟੀ ਦੇ ਸਾਹਿਤਕਾਰਾਂ ਨੇ ਇਸ ਬਾਰੇ ਬਹੁਤ ਕੁਝ ਲਿਖਿਆ ਲਿਖਣਾ ਵੀ ਚਾਹੀਦਾ ਹੈ, ਭਗਤ ਅੰਨੇ ਹੋਣ ਤਾਂ ਕੋਈ ਗੱਲ ਨਹੀਂ ਜੇ ਗੁਰੂ ਹੀ ਅੰਨਾ ਹੋਏ ਤਾਂ ਕੀ ਹੋਵੇਗਾ, ਅੱਗੋਂ ਤੂੰ ਜਾਣੀ ਜਾਣ ਏਂ, ਤੇਰੀਆਂ ਤੂੰ ਜਾਣੇ, ਭਟਕਿਆ ਹੋਇਆਂ ਨੂੰ ਰਾਹੇ ਪਾਓ ਕਿਰਪਾ ਕਰੋ ਸਾਰਿਆਂ ਤੇ



**ਕੰਵਲਜੀਤ ਕੌਰ**

# ਕੌਫ਼ੀ ਵਿਦ ਸੁੱਖੀ ਬਰਾੜ

ਮੇਰੀ ਅੱਜ ਦੀ ਕੌਫ਼ੀ ਦੀ ਮਹਿਮਾਨ ਪੰਜਾਬ ਤੇ ਪੰਜਾਬੀਅਤ ਦੀ ਜਿੰਦਜਾਨ, ਪੰਜਾਬੀ ਵਿਰਸੇ ਤੇ ਸਭਿਆਚਾਰ ਦੀ ਪਹਿਰੇਦਾਰ, ਜ਼ਮੀਨੀ ਹਕੀਕੀ ਨਾਲ ਜੁੜੀ ਹੋਈ ਪੰਜਾਬੀ ਦੀ ਪ੍ਰਸਿੱਧ ਲੋਕ ਗਾਇਕਾ ਸੁਖੀ ਬਰਾੜ ਸੀ। ਪੰਜਾਬ ਦੀ ਧਰਤੀ ਤੇ ਜਨਮ ਲ਼ੈਕੇ ਪੰਜਾਬੀ ਅਤੇ ਪੰਜਾਬੀਅਤ ਦੇ ਨਾਮ ਤੇ ਮਸ਼ਹੂਰੀ ਖੱਟਣ ਵਾਲੇ ਬਹੁਤ ਕਲਾਕਾਰ ਹੋਏ ਹਨ। ਜਿੰਨ੍ਹਾਂ ਨੇ ਮਸ਼ਹੂਰੀ ਲਈ ਅਸ਼ਲੀਲਤਾ ਤੇ ਲੱਚਰ ਗਾਇਕੀ ਦਾ ਰਾਹ ਫੜ੍ਹਿਆ। ਵਿਰਸੇ ਤੇ ਸਭਿਆਚਾਰ ਨੂੰ ਬਚਾਉਣ ਨੇ ਨਾਮ ਤੇ ਸਾਡੇ ਅਮੀਰ ਵਿਰਸੇ ਦਾ ਘਾਣ ਕੀਤਾ। ਪਰ ਸੁੱਖੀ ਨੇ ਇਸ ਰਾਹ ਤੇ ਚੱਲਣ ਦੀ ਬਜਾਇ ਇੱਕ ਸਹੀ ਰਸਤਾ ਅਖਤਿਆਰ ਕੀਤਾ। ਸਿਰ ਦੀ ਚੁੰਨੀ ਤੇ ਅੱਖਾਂ ਦੀ ਹਯਾ ਨੂੰ ਨਹੀਂ ਛੱਡਿਆ। ਇਸ ਤਰਾਂ ਇਸਨੇ ਪੂਰੇ ਪੰਜਾਬ ਤੇ ਪੰਜਾਬੀਅਤ ਦੀ ਪਹਿਚਾਣ ਕਾਇਮ ਰੱਖੀ ਹੈ। ਸੁੱਖੀ ਕੋਈ ਕੋਰੀ ਅਨਪੜ੍ਹ ਕਲਾਕਾਰ ਨਹੀਂ ਜਿਸਨੇ ਸਿਰਫ ਆਪਣੀ ਆਵਾਜ਼ ਅਤੇ ਪੱਛਮੀ ਸੱਭਿਅਤਾ ਦੇ ਬਲਬੂਤੇ ਤੇ ਨਾਮਣਾ ਖੱਟਿਆ ਹੋਵੇ। ਸੁੱਖੀ ਕੋਲ ਸੁਰੀਲੀ ਆਵਾਜ਼ ਤੋਂ ਇਲਾਵਾ ਗਿੱਧੇ ਡਾਂਸ ਦੀ ਅਨਮੋਲ ਅਤੇ ਸਿੱਧੀ ਤੇ ਸਪਸ਼ਟ ਗੱਲ ਕਹਿਣ ਦੀ ਕਲਾ ਵੀ ਹੈ। ਸੁੱਖੀ ਗਿੱਧੇ ਦੀ ਗੋਲਡ ਮੈਡਲਿਸਟ ਵੀ ਰਹੀ ਹੈ। ਸੁੱਖੀ ਨੇ ਕਈ ਵਿਸ਼ਿਆਂ ਵਿੱਚ ਪੋਸਟ ਗਰੈਜੂਏਸ਼ਨ ਕੀਤੀ। ਪੰਜਾਬੀ ਲੋਕ ਸਭਿਆਚਾਰ ਵਿੱਚ ਪੀਐਚਡੀ ਕੀਤੀ। ਇਸ ਤੋਂ ਇਲਾਵਾ ਸੁੱਖੀ ਬਰਾੜ ਨੇ ਸਭਿਆਚਾਰ ਅਤੇ ਲੋਕ ਵਿਰਸੇ ਨਾਲ ਸਬੰਧਿਤ ਕਈ ਪੋਸਟ ਗਰੈਜੂਏਟ ਡਿਪਲੋਮੇ ਵੀ ਕੀਤੇ। ਲੋਕ ਸੰਪਰਕ ਅਤੇ ਵਿਗਿਆਪਨ ਦਾ ਡਿਪਲੋਮਾ ਵੀ ਕੀਤਾ। ਬੀ ਐਡ, ਐਮ ਐਡ ਵੀ ਕੀਤੀ। ਸੁੱਖੀ ਬਰਾੜ ਨੇ ਉੱਤਰੀ ਭਾਰਤ ਸਭਿਆਚਾਰਕ ਜ਼ੋਨ ਦੇ ਡਾਇਰੈਕਟਰ ਅਤੇ ਪ੍ਰੋਗਰਾਮ ਅਫ਼ਸਰ ਵਜੋਂ ਆਪਣੀਆਂ ਸੇਵਾਵਾਂ ਬਾਖੂਬੀ ਦਿੱਤੀਆਂ ਹਨ। ਇਸ ਤੋਂ ਇਲਾਵਾ ਇਹ ਨੁਸਰਤ ਗਰਲਜ਼ ਕਾਲਜ



ਦੇ ਪ੍ਰਿੰਸੀਪਲ ਵੀ ਰਹੇ ਹਨ। ਸੁੱਖੀ ਬਰਾੜ ਨੂੰ ਮੁੱਖ ਮੰਤਰੀ ਪੰਜਾਬ ਜੀ ਦਾ ਕਲਚਰਲ ਐਡਵਾਈਜ਼ਰ ਹੋਣ ਦਾ ਮਾਣ ਵੀ ਹਾਸਿਲ ਹੋਇਆ ਹੈ। ਇਹ ਕੈਬਨਿਟ ਮੰਤਰੀ ਰੈਂਕ ਦਾ ਅਹੁਦਾ ਹੁੰਦਾ ਹੈ। ਅੱਜ ਸੁੱਖੀ ਬਰਾੜ ਸੰਸਕਾਰ ਭਾਰਤੀ ਦੀ ਪੰਜਾਬ ਸ਼ਾਖਾ ਦੀ ਪ੍ਰਧਾਨ ਹੈ। ਸਮੇਂ ਸਮੇਂ ਤੇ ਸੁੱਖੀ ਬਰਾੜ ਦਾ ਰੁਤਬਾ ਉੱਚਾ ਹੁੰਦਾ ਗਿਆ ਪਰ ਸੁੱਖੀ ਨੇ ਜਮੀਨ ਨਾਲ ਆਪਣੀ ਪਕੜ ਬਣਾਈ ਰੱਖੀ। ਮੇਜ਼ ਤੇ ਪਰੋਸੇ ਇੰਡੀਅਨ ਤੇ ਸਾਊਥ ਇੰਡੀਅਨ ਖਾਣਿਆਂ ਵਿਚੋਂ ਸੁੱਖੀ ਨੇ ਸਰੋਂ ਦਾ ਸਾਗ ਤੇ ਮੱਖਣ ਖਾਣ ਨੂੰ ਪਹਿਲ ਦਿੱਤੀ। ਚਾਹੇ ਅੱਜ ਵੀ ਦੋ ਵਜੇ ਉਸ ਦੀ ਕਿਸੇ ਪ੍ਰੋਗਰਾਮ ਲਈ ਬੁਕਿੰਗ ਸੀ। ਪਰ ਸੁੱਖੀ ਬਰਾੜ ਨੇ ਬੜੇ ਸਬਰ ਤੇ ਹਲੀਮੀ ਨਾਲ ਬਿਨਾਂ ਕਾਹਲੀ ਮਚਾਏ ਖ਼ੂਬ ਗੱਲਾਂ ਕੀਤੀਆਂ। ਮਹਿਮੇ ਸਵਾਈ ਦੀਆਂ ਗਲੀਆਂ ਵਿੱਚ ਆਪਣਾ ਬਚਪਣ ਗੁਜਾਰਨ ਵਾਲੀ ਕੀਟੀ ਉਰਫ ਸੁੱਖੀ ਆਪਣੇ ਪਿੰਡ ਦੀ ਅੰਬੋ ਪੰਜਾਬੋਂ, ਦਲੀਪੋ ਨੈਣ ਤੇ ਕਰਤਾਰੋ ਝਿਊਂਰੀਂ ਨੂੰ ਨਹੀਂ ਭੁੱਲਦੀ। ਸੁੱਖੀ ਬਰਾੜ ਨੇ ਮਹਿਮੇ ਸਰਜੇ ਤੋਂ ਦਸਵੀਂ ਕੀਤੀ। ਇਸਤਰ੍ਹਾਂ ਉਸ ਦਾ ਬਚਪਨ ਮਹਿਮਾ ਸਵਾਈ ਮਹਿਮਾ ਸਰਕਾਰੀ ਤੇ ਮਹਿਮਾ ਸਰਜਾ ਦੀ ਤ੍ਰਿਵੈਣੀ ਚ ਗੁਜਰਿਆ।

ਸੁੱਖੀ ਬਰਾੜ ਉਰਫ ਵਿਰਾਸਤ ਕੌਰ ਨੇ ਕੋਈਂ ਪੰਦਰਾਂ ਮੁਲਕਾਂ ਵਿੱਚ ਆਪਣੇ ਸੈਂਕੜੇ ਸ਼ੋਅ ਕੀਤੇ ਹਨ। ਕਈ ਕਾਲਜਾਂ ਵਿਚ ਯੂਥ ਐਵੇਰਨੈੱਸ ਕੈਂਪ ਲਗਾਏ ਹਨ। ਵਿਦੇਸ਼ਾਂ ਵਿੱਚ ਸਭਿਆਚਾਰ ਦੇ ਮਾਮਲੇ ਵਿੱਚ ਭਾਰਤ ਅਤੇ ਪੰਜਾਬ ਸਰਕਾਰ ਦੀ ਨੁਮਾਇੰਦਗੀ ਕਰਨ ਵਾਲੀ ਸੁੱਖੀ ਨੇ ਬਹੁਤ ਮਾਰਕੇ ਮਾਰੇ ਹਨ। ਸੁੱਖੀ ਬਰਾੜ ਨੂੰ ਵਿਰਾਸਤ ਏ ਪੰਜਾਬ ਵੀ ਕਿਹਾ ਜਾ ਸਕਦਾ ਹੈ।

ਇਸ ਲਈ ਹੀ ਕਿਸੇ ਨੇ ਸੁਖਵਿੰਦਰ ਕੌਰ ਦਾ ਨਾਮ ਵਿਰਾਸਤ ਕੌਰ ਕੁਝ ਸੋਚਕੇ ਹੀ ਰੱਖਿਆ ਹੋਵੇਗਾ। ਉਂਜ ਨਹੀਂ ਕੋਈ ਨਾਮ ਬਦਲਦਾ।

**ਰਮੇਸ ਸੇਠੀ ਬਾਦਲ**
**ਸਾਬਕਾ ਸੁਪਰਡੈਂਟ**

# ਵੈਦ ਦੀ ਕਲਮ ਤੋਂ: ਗੁਣਾਂ ਦੀ ਖਾਣ (ਮੂਲੀ)

ਮੈਂ ਪਿਛਲੇ ਸਾਲ ਵੀ ਇਹ ਪੋਸਟ ਪਾਈ ਸੀ, ਕਿ ਮੂਲੀ ਸਭਨੂੰ ਖਾਣੀ ਚਾਹੀਦੀ ਹੈ। ਇਹ ਸਰੀਰ ਨੂੰ ਅਰੋਗ ਰੱਖਣ ਵਿਚ ਬਹੁਤ ਸਹਾਈ ਹੁੰਦੀ ਹੈ। ਕਈ ਵੀਰਾਂ ਨੇ ਪੁੱਛਿਆ ਸੀ ਕਿ ਇਸਦੇ ਕੀ ਕੀ ਫਾਇਦੇ ਨੇ। ਪਹਿਲਾ ਫਾਇਦਾ ਤਾਂ ਇਹੋ ਹੈ ਕਿ ਜੇਕਰ ਇਸਨੂੰ ਖਾਣੇ ਨਾਲ ਸਲਾਦ ਦੇ ਤੌਰ ਤੇ ਖਾਇਆ ਜਾਵੇ ਤਾਂ ਇਹ ਭੋਜਨ ਨੂੰ ਪਚਾਉਣ ਵਿਚ ਬਹੁਤ ਸਹਾਈ ਹੁੰਦੀ ਹੈ ਤੇ ਤੁਹਾਡੇ ਮਿਹਦੇ ਨੂੰ ਮਜ਼ਬੂਤ ਰੱਖਣ ਵਿਚ ਸਹਾਈ ਹੁੰਦੀ ਹੈ। ਇੱਕ ਮਜ਼ਬੂਤ ਮਿਹਦਾ ਹੀ ਮਜ਼ਬੂਤ ਸਰੀਰ ਦੀ ਨੀਂਹ ਹੁੰਦਾ ਹੈ। ਕਿਉਂਕਿ ਖਾਣਾ ਜਿੰਨਾ ਵਧੀਆ ਪਚੇਗਾ, ਓਨਾ ਹੀ ਵਧੀਆ ਖੂਨ ਬਣੇਗਾ। ਖੂਨ ਵੱਧ ਬਣੇਗਾ ਤਾਂ ਉਸ ਖੂਨ ਤੋਂ ਹੀ ਵੀਰਜ ਜਿਆਦਾ ਬਣੇਗਾ। ਜਿਸ ਉੱਪਰ ਇਹ ਜਿੰਦਗੀ ਟਿਕੀ ਹੋਈ ਹੈ। ਬੰਦੇ ਦੀ ਮੌਤ ਹੋਣ ਤੋਂ ਬਾਅਦ ਖੂਨ ਨੂੰ ਪਾਣੀ ਬਣਨ ਲਈ ਤਾਂ ਸਮਾਂ ਲਗਦਾ ਹੈ, ਪਰ ਪ੍ਰਾਣ ਪੰਖੇਰੂ ਹੁੰਦੇ ਹੀ ਵੀਰਜ ਦਾ ਇੱਕ ਵੀ ਕਣ ਬੰਦੇ ਦੇ ਸਰੀਰ ਵਿਚ ਨਹੀਂ ਰਹਿੰਦਾ। ਸਭ ਤੋਂ ਪਹਿਲਾਂ ਇਹੋ ਨਸ਼ਟ ਹੁੰਦਾ ਹੈ। ਮੂਲੀ ਵੀਰਜ ਵਧਾਉਣ ਵਿਚ ਬਹੁਤ ਜਿਆਦਾ ਸਹਾਈ ਹੁੰਦੀ ਹੈ। ਇਹੋ ਕਾਰਨ ਹੈ ਕਿ ਅੱਜਕਲ ਦੇ ਨੌਜਵਾਨਾਂ ਵਿਚ ਮੂਲੀ ਦਾ ਕਰੇਜ਼ ਘੱਟ ਹੋਣ ਕਰਕੇ ਵੀਰਜ ਅਤੇ ਸ਼ੁਕਰਾਣੂਆਂ ਸਬੰਧੀ ਜਿੰਨੀਆਂ ਸ਼ਿਕਾਇਤਾਂ ਅੱਜ ਆ ਰਹੀਆਂ ਹਨ, ਇਹ ਅੱਜ ਤੋਂ ਤੀਹ ਚਾਲੀ ਸਾਲ ਪਹਿਲਾਂ ਨਾਲੋਂ ਕੋਈ ਪੰਜਾਹ ਗੁਣਾ ਜਿਆਦਾ ਹਨ।



ਯੂਰਿਕ ਐਸਿਡ ਨੂੰ ਘੱਟ ਕਰਨ ਲਈ।
ਬਹੁਤੇ ਲੋਕ ਮੂਲੀ ਇਸ ਲਈ ਨਹੀਂ ਖਾਂਦੇ ਕਿ ਇਸ ਵਿਚ ਬੈ ਬਈ ਹੁੰਦੀ ਹੈ। ਜੌ ਕਿ ਸਰਾਸਰ ਗਲਤ ਹੈ। ਮੂਲੀ ਇੱਕ ਖਾਸ ਤਰੀਕੇ ਨਾਲ ਖਾਣ ਨਾਲ ਤੁਹਾਡਾ ਵਧਿਆ ਹੋਇਆ ਯੂਰੀਕ ਐਸਿਡ ਹਫਤੇ ਵਿਚ ਠੀਕ ਕੀਤਾ ਜਾ ਸਕਦਾ ਹੈ।
ਪ੍ਰਯੋਗ ਕਰਨ ਦਾ ਤਰੀਕਾ
ਸ਼ਾਮ ਦੇ ਸਮੇਂ ਇੱਕ ਮੂਲੀ ਛਿੱਲ ਕੇ ਉਸਨੂੰ ਸਲਾਦ ਦੀ ਤਰਾਂ ਕੱਟ ਲਵੋ। ਫਿਰ ਉਸਨੂੰ ਚੀਨੀ ਮਿੱਟੀ,ਕਚ ਜਾਂ ਵਧੀਆ ਪਲਾਸਟਿਕ ਦੀ ਪਲੇਟ ਵਿਚ ਰੱਖ ਕੇ ਉਸ ਉੱਪਰ ਇੱਕ ਪੂਰਾ ਨਿੰਬੂ ਨਿਚੋੜ ਦਿਓ।ਧਿਆਨ ਰੱਖੋ ਕਿ ਨਿੰਬੂ ਦਾ ਰਸ ਮੂਲੀ ਦੇ ਹਰ ਹਿੱਸੇ ਨਾਲ ਲੱਗੇ। ਹੁਣ ਇਸਨੂੰ ਢੱਕ ਕੇ ਰੱਖ ਦਿਓ। ਸਵੇਰੇ ਖਾਲੀ ਪੇਟ ਇਹ ਮੂਲੀ ਖਾ ਕੇ ਇੱਕ ਗਿਲਾਸ ਤਾਜ਼ਾ ਪਾਣੀ ਪੀਓ। ਤੁਹਾਡਾ ਯੋਰਿਕ ਐਸਿਡ ਹਫਤੇ ਤੋਂ ਦਸ ਦਿਨ ਦੇ ਅੰਦਰ ਨਾਰਮਲ ਹੋ ਜਾਵੇਗਾ।
ਬਵਾਸੀਰ ਲਈ ਵੀ ਮੂਲੀ ਬਹੁਤ ਸਹਾਈ ਹੈ। ਭਾਵੇਂ ਬਵਾਸੀਰ ਖੂਨੀ ਹੋਵੇ ਜਾਂ ਬਾਦੀ ਇਹ ਦੋਵਾਂ ਦਾ ਖਾਤਮਾ ਕਰਦੀ ਹੈ। ਜਿਹੜੇ ਲੋਕ ਲਗਾਤਾਰ ਮੂਲੀ ਖਾਂਦੇ ਹਨ ਉਹਨਾਂ ਨੂੰ ਕਦੇ ਵੀ ਗਠੀਆ, ਯੋਰੀਕ ਐਸਿਡ ਜਾ ਬਵਾਸੀਰ ਵਰਗੀਆਂ ਬਿਮਾਰੀਆਂ ਨਹੀਂ ਹੁੰਦੀਆਂ

**ਪ੍ਰਯੋਗ ਕਰਨ ਦਾ ਤਰੀਕਾ**

ਸ਼ਾਮ ਦੇ ਸਮੇਂ ਮੂਲੀ ਨੂੰ ਲੰਬੇ ਪਤਲੇ ਟੁਕੜਿਆਂ ਵਿਚ ਕੱਟ ਲਵੋ। ਕੱਟਣ ਤੋਂ ਪਹਿਲਾਂ ਮੂਲੀ ਛਿੱਲ ਲਵੋ।
ਹੁਣ ਮੂਲੀ ਦੇ ਇਹਨਾਂ ਟੁਕੜਿਆਂ ਨੂੰ, ਪਤਲੀ ਮਲਮਲ ਦੇ ਸਫੇਦ ਕੱਪੜੇ ਵਿਚ ਬੰਨ੍ਹ ਲਵੋ। ਫਿਰ ਇਸ ਮਲਮਲ ਵਿਚ ਬੰਨ੍ਹੀ ਇਸ ਮੂਲੀ ਨੂੰ ਕਿਸੇ ਅਜਿਹੀ ਜਗ੍ਹਾ ਟੰਗ ਦੇਵੋ ਜਿੱਥੇ ਤਰੇਲ ਸਿੱਧੀ ਇਸ ਕੱਪੜੇ ਉੱਤੇ ਪਵੇ।
ਸਵੇਰੇ ਇਸ ਤਰੇਲ ਭਿੱਜੀ ਮੂਲੀ ਨੂੰ ਉਤਾਰ ਕੇ ਖਾਲੀ ਪੇਟ ਖਾਓ। ਹਫਤੇ ਦਸ ਦਿਨ ਵਿਚ ਹੀ ਬਵਾਸੀਰ ਤੋਂ ਪੂਰੀ ਰਾਹਤ ਮਿਲੇਗੀ। ਬਸ ਫਿਰ ਇਸਨੂੰ ਪੰਦਰਾਂ ਦਿਨ ਤੋਂ ਇੱਕ ਮਹੀਨਾ ਖਾਣਾ ਹੈ। ਬਵਾਸੀਰ ਖਤਮ।

**ਦਾਰੂ ਨਾ.ਲ ਮੂਲੀ ਕਿਉਂ ਖਾਧੀ ਜਾਂਦੀ ਹੈ ?**

ਦਾਰੂ ਨੂੰ ਤੇਜ਼ੀ ਨਾਲ ਪਚਾਉਣ ਲਈ ਸੋਡਾ ਪਾਣੀ ਦੀ ਖੋਜ ਤਾਂ ਬਹੁਤ ਬਾਅਦ ਵਿਚ ਹੋਈ। ਪਰ ਜੱਟਾਂ ਨੇ ਇਸਦਾ ਤੋੜ ਬਹੁਤ ਪਹਿਲਾਂ ਲੱਭ ਲਿਆ ਸੀ। ਦਾਰੂ ਦਾ ਪੈੱਗ ਲਗਾ ਕੇ ਲੂਣ ਲੱਗੀ ਮੂਲੀ ਖਾਣ ਨਾਲ ਦਾਰੂ ਪੀਣ ਵਾਲੇ ਨੂੰ ਕਦੇ ਉਲਟੀ ਨਹੀਂ ਆਉਂਦੀ। ਕਿਉਂਕਿ ਕਈ ਵਾਰ ਮਿਹਦੇ ਵਿਚ ਭਰੀ ਗਰਮੀ ਕਾਰਨ ਕੁਛ ਲੋਕ ਪੀਂਦੇ ਹੀ ਉਲਟੀ ਕਰ ਦਿੰਦੇ ਹਨ।
ਸ਼ਰਾਬ ਨਾਲ ਮੂਲੀ ਖਾਣ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ, ਇਹ ਸ਼ਰਾਬ ਦੀ ਗਰਮੀ ਨੂੰ ਨਸ਼ਟ ਕਰ ਦਿੰਦੀ ਹੈ। ਤੇ ਸਰੀਰ ਉੱਤੇ ਸ਼ਰਾਬ ਦੇ ਪੈਣ ਵਾਲੇ ਪ੍ਰਭਾਵ ਨੂੰ ਖਤਮ ਕਰ ਦਿੰਦੀ ਹੈ। ਸਰੀਰ ਮਜ਼ਬੂਤ ਰਹਿੰਦਾ ਹੈ।
ਆਸ ਕਰਦਾ ਹਾਂ, ਕਿ ਕੁਛ ਲੋਕ ਤਾਂ ਜਰੂਰ ਇਸ ਲਿਖਤ ਉੱਤੇ ਅਮਲ ਕਰਨਗੇ।
ਮੂਲੀ ਨੂੰ ਬਹੁਤ ਪਿਆਰ ਨਾਲ ਖਾਣ ਦਾ ਸ਼ੌਕੀਨ,
ਤੁਹਾਡਾ ਆਪਣਾ
ਵੈਦ ਬਲਵਿੰਦਰ ਸਿੰਘ ਢਿੱਲੋ

**ਵੈਦ ਬਲਵਿੰਦਰ ਸਿੰਘ ਢਿੱਲੋਂ ਵਿੰਨੀਪੈਗ ਵਾਲਾ।**
**+14312932265**



# (ਕੰਨਟੀਨੀ ਮੰਡੀਰ)

ਭੰਗੜਾ, ਬੋਲੀਆਂ, ਲੁੱਡੀ,ਨਾਚ,ਗਾਣੇ, ਸੋਲੋ ਗਾਇਕੀ, ਝੂਮਰ, ਤਬਲਾਵਾਦਕ, ਕਲਾਸੀਕਲ ਨਾਚ, ਐਕਟਿੰਗ, ਕਲਚਰਲ ਐਕਟੀਵਿਟੀਜ਼, ਰੰਗਾਂ ਰੰਗ ਪ੍ਰੋਗਰਾਮ, ਪੇਸ਼ ਕਰਦਾ, ਰਵਨੀਤ ਐਂਕਰ ਐਮਐਚ ਚੈਨਲ ਦੇ ਲੜੀਵਾਰ ਸ਼ੈਅਜ਼ ਦਿਖਾ ਕੇ ਵਧੀਆ ਮਨੋਰੰਜਨ ਕਰਦਾ ਹੈ। ਬਹੁਤ ਸੁਰੀਲੀਆਂ ਆਵਾਜ਼ਾਂ ਵਿੱਚ , ਗਾਉਣ ਵਾਲੇ ਬੱਚੇ, ਲਤਾ ਮੰਗੇਸ਼ਕਰ ਨਾਲੋਂ ਵੀ, ਮਿੱਠੀ ਆਵਾਜ਼ ਵਿੱਚ, ਆਪਣੇ ਗਾਣੇ ਸੁਣਾਉਂਦੇ ਹਨ। ਨਵੀਂ ਨੌਜਵਾਨ ਪੀੜ੍ਹੀ ਨੂੰ ਆਪਣੇ ਅੰਦਰਲੇ ਛੁੱਪੇ ਹੁਨਰ ਵਿਕ-ਸਿਤ ਕਰਨ ਦਾ ਮੌਕਾ ਮਿਲਦਾ ਹੈ।ਐਂਕਰ ਆਪਣੇ ਵੱਲੋਂ ਵੀ, ਟੋਟਕੇ ਜੋੜ ਕੇ, ਹਾਸੇ ਠੱਠੇ ਵਾਲਾ, ਮਾਹੌਲ ਤਿਆਰ ਕਰਦਾ ਹੈ। ਇਹ ਸਾਰਾ ਕੁਝ ਸੁਣਨ ਦਾ ਪ੍ਰੋਗਰਾਮ, ਮੇਰੇ ਇੰਡੀਆ ਵਿੱਚੋਂ ਬਾਹਰ ਹੋਣ ਕਰਕੇ ਹੀ ਸੰਭਵ ਹੋ ਸਕਿਆ ਹੈ। ਮੈਂ 80 ਸਾਲ ਦੇ ਲਗਭਗ ਦਾ ਬਜ਼ੁਰਗ ਹਾਂ, ਭਾਰਤ ਵਿੱਚ ਤਾਂ ਇਹੋ ਜਿਹੇ ਪ੍ਰੋਗਰਾਮ ਦੇਖਣ ਦਾ ਸਬੱਬ ਹੀ ਨਹੀਂ ਬਣਦਾ, ਕਦੀ ਬਾਹਰੋਂ ਡੇਅਰੀ ਵਾਲੇ ਤੋਂ ਦੁੱਧ ਪਵਾਉਣਾ ਹੈ, ਕਦੀ ਪੋਤੀ ਨੂੰ ਰੋਂਦੀ ਨੂੰ ਚੁੱਪ ਕਰਾਉਣਾ ਹੈ, ਜਾਂ ਮੈਡਮ ਦਾ ਗੁਰਬਾਣੀ ਪ੍ਰੋਗਰਾਮ ਸੁਣਨਾ ਪੈਂਦਾ ਹੈ ਜਾਂ ਆਪਣੇ ਹੋਰ ਛੋਟੇ ਛੋਟੇ ਰੁਝੇਵਿਆਂ ਵਿੱਚ ਉੱਲਝਿਆ ਪਿਆ ਰਹਿੰਦਾ ਹਾਂ। ਜਾਂ ਖਬਰਾਂ ਵਾਲੇ ਚੈਨਲਾਂ ਵਿੱਚ ਦਿਨ ਕੱਟੀ ਹੁੰਦੀ ਹੈ। ਫਿਰ ਕਦੇ ਵਾਸ਼ਰੂਮ ਟੋਇਲਟ ਵਿੱਚ ਇੰਤਜ਼ਾਰ ਹੁੰਦੀ ਰਹਿੰਦੀ ਹੈ।

ਹੁਣ ਅਸੀਂ ਆਸਟ੍ਰੇਲੀਆ ਵਿੱਚ ਹਾਂ। ਇੱਥੇ ਕੋਈ ਸੈਰ ਨਹੀਂ ਕਰਦਾ। ਪੜੌਸੀ, ਪੜੋਸੀ ਨਾਲ, ਵੀ ਗੱਲ ਨਹੀਂ ਕਰਦਾ ਆਪਣੇ ਆਪਣੇ ਕੰਮਾਂ ਵਿੱਚ ਮਸਤ, ਤੇ ਕਾਰਾਂ ਵਿੱਚ ਨਿਕਲ ਜਾਂਦੇ ਹਨ। ਸੰਤਰੀ ਪਟਕਾ ਬੰਨ ਕੇ, ਜੇ ਬਾਹਰ ਕੁਰਸੀ ਤੇ ਬੈਠਾ ਹੋਵਾਂ, ਸਾਰੇ ਸਮਝ ਜਾਂਦੇ ਹਨ, ਬਈ ਇਹ, ਸਰਦਾਰ ਪੰਜਾਬ ਤੋਂ ਹੈ,ਨਮਨ ਕਰਕੇ ਅੱਗੇ ਲੰਘਦੇ ਹਨ। ਇਕ ਦਿਨ ਬੇਟਾ ਕਹਿੰਦਾ, ਮੈਂ ਡਾਕਟਰ ਕੋਲ ਚੈੱਕ ਅੱਪ ਕਰਾਉਣਾ ਹੈ। ਮੈਂ ਵੀ ਨਾਲ ਚਲਾ ਗਿਆ। ਕਲਿਨਿਕ ਤੇ ਲਗਭਗ, ਸਾਰੇ ਪਾਕਿਸਤਾਨੀ, ਪੰਜਾਬੀ



ਡਾਕਟਰ ਸਨ। ਜਦੋਂ ਡਾਕਟਰ, ਬਾਹਰ ਬੇਟੇ ਨੂੰ, ਬੁਲਾਉਣ ਆਇਆ, ਤਾਂ ਸਭ ਤੋਂ ਪਹਿਲਾਂ, ਮੈਨੂੰ ਦੇਖ ਕੇ, ਸਤਿ ਸ੍ਰੀ ਅਕਾਲ ਕੀਤੀ, ਤੇ ਫਿਰ ਬੇਟੇ ਨੂੰ ਅੰਦਰ ਚੈੱਕ ਅੱਪ ਵਾਸਤੇ ਲੈ ਗਿਆ। ਬਹੁਤ ਚੰਗਾ ਲੱਗਿਆ। ਮੈਂ, ਮੇਰੀ ਪਤਨੀ, ਅਤੇ ਪੁੱਤਰ ਦਾ ਸਸੁਰ, ਆਪਣੀ ਥੋੜੀ ਜਿਹੀ, ਐਕਟਿਵਿਟੀ ਲਈ, ਸਵੇਰੇ ਸੈਰ, ਤੇ ਜਾਂਦੇ ਹਾਂ। ਤਾਂ ਕਿ ਕਿਧਰੇ ਸਰੀਰ, ਬਿਲਕੁਲ ਹੀ ਜਾਮ, ਨਾ ਹੋ ਜਾਵੇ।ਬੇਟੇ ਦੀ ਸੱਸ ਬਹੁਤਾ ਤੁਰ ਨਹੀਂ ਸਕਦੀ, ਇਸ ਲਈ ਉਹ ਅੰਦਰ ਬੈਠੇ, ਕੰਮ ਕਰੀ ਜਾਂਦੇ ਹਨ।ਬੱਚੇ ਕੰਮ ਤੇ ਚਲੇ ਜਾਂਦੇ ਹਨ। ਘਰ ਦੇ ਅੰਦਰ ਹੀ, ਥੋੜੀ ਬਹੁਤੀ ਯੋਗਾ ਕਰਕੇ, ਖਾਣਪੀਣ ਦਾ ਨਿਬੇੜਾ ਕਰਕੇ, ਟੀਵੀ ਦੁਆਲੇ ਬੈਠਕੇ,ਕੰਟੀਨੀ ਮੰਡੀਰ ਵਰਗੇ ਪ੍ਰੋਗਰਾਮ ਦੇਖਣ ਵਿੱਚ ਮਸ਼ਰੂਫ ਹੋ ਜਾਂਦੇ ਹਾਂ। ਦੂਸਰਾ ਮੇਰਾ ਸ਼ੌਕ, ਲਿਖਣ ਦਾ ਹੈ, ਜਿਸ ਨੂੰ ਮੇਰੇ ਘਰ ਦੇ, ਕਤਈ ਪਸੰਦ ਨਹੀਂ ਕਰਦੇ। ਪਰ ਉਨ੍ਹਾਂ ਦੀ, ਨਾਰਾਜ਼ਗੀ ਸਹੇੜ ਕੇ, ਮੈਨੂੰ ਕੌੜਾ ਅੱਕ, ਚੱਬਣਾ ਪੈਂਦਾ ਹੈ। ਹੁਣ ਕੀ ਕਰੀਏ, ਲੋਕੀ ਕਹਿੰਦੇ, ਆਇਆ ਬੁਢਾਪਾ ਸੋ ਸਿਆਪਾ। ਕੰਟੀਨੀ ਮੰਡੀਰ ਵਾਲਾ ਰਵਨੀਤ ਪੂਰੇ ਪੰਜਾਬ ਦੇ ਦਿਹਾਤੀ ਖੇਤਰ ਦੀ ਸੈਰ ਕਰਾ ਦਿੰਦਾ ਹੈ, ਲਗਭਗ ਸਾਰੇ ਪੇਂਡੂ ਕਾਲਜਾਂ ਦੀ। ਬਹੁਤ ਵਧੀਆ ਜਾਣਕਾਰੀ ਭਰਪੂਰ ਤੇ ਮਨੋਰੰਜਨ ਕਰਨ ਵਾਲੇ ਪ੍ਰੋਗਰਾਮ ਹੁੰਦੇ ਹਨ।



**ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ, ਹਾਲ-ਆਬਾਦ ਬ੍ਰਿਸਬੇਨ, ਆਸਟ੍ਰੇਲੀਆ ਫੋਨ ਨੰਬਰ :**
**9878469639**

# "ਅੰਤਰਰਾਸ਼ਟਰੀ ਸਾਹਿਤਕ ਸਾਂਝਾਂ "ਵੱਲੋਂ

## 'ਸਿਰਜਨਾ ਦੇ  ਆਰ ਪਾਰ " ਪ੍ਰੋਗਰਾਮ ਵਿੱਚ ਨਾਨਕ ਸਿੰਘ ਪੁਰਸਕਾਰ ਵਿਜੇਤਾ ਜਸਵੀਰ ਸਿੰਘ ਰਾਣਾ ਨਾਲ  ਪ੍ਰੇਰਨਾਦਾਇਕ ਮੁਲਾਕਾਤ'

**ਬਰੈਂਪਟਨ ( ਰਮਿੰਦਰ ਵਾਲੀਆ )** ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਸਿਰਜਣਾ ਦੇ ਆਰ ਪਾਰ ਪ੍ਰੋਗਰਾਮ  ਸੰਸਥਾਪਕ ਰਮਿੰਦਰ ਰੰਮੀ ਦੀ ਅਗਵਾਈ ਵਿੱਚ  2 ਨਵੰਬਰ ਦਿਨ ਐਤਵਾਰ ਨੂੰ ਕਰਵਾਇਆ ਗਿਆ ।ਇਸ ਪ੍ਰੋਗਰਾਮ ਵਿੱਚ ਦੇਸ਼ ਵਿਦੇਸ਼ ਤੋਂ ਬਹੁਤ ਨਾਮਵਰ ਅਦਬੀ ਸ਼ਖ਼ਸੀਅਤਾਂ ਨੇ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ ।ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਪੰਜਾਬੀ ਦੇ ਪ੍ਰਸਿੱਧ ਗਲਪਕਾਰ ਜਸਵੀਰ ਸਿੰਘ ਰਾਣਾ ਨੇ ਸ਼ਿਰਕਤ ਕੀਤੀ ਇਹ ਵਰਨਣ ਯੋਗ ਹੈ ਕਿ ਜਸਵੀਰ ਸਿੰਘ ਰਾਣਾ ਨੂੰ ਉਹਨਾਂ ਦੇ ਨਾਵਲ 70% ਪ੍ਰੇਮ ਕਥਾ ਦੇ ਉੱਪਰ ਭਾਸ਼ਾ ਵਿਭਾਗ ਪੰਜਾਬ ਵੱਲੋਂ ਨਾਨਕ ਸਿੰਘ ਪੁਰਸਕਾਰ 2025 ਨਾਲ ਸਨਮਾਨਿਆ ਗਿਆ ਹੈ ।ਇਸ ਪ੍ਰੋਗਰਾਮ ਵਿੱਚ ਸੁਰਜੀਤ ਟੋਰਾਂਟੋ ਨੇ ਜਸਬੀਰ ਸਿੰਘ ਰਾਣਾ ਦਾ ਜੀ ਆਇਆ ਕਰਦਿਆਂ ਉਹਨਾਂ ਨੂੰ ਪੰਜਾਬੀ ਗਲਪ ਸਾਹਿਤ ਦੇ ਨਾਮਵਰ ਕਥਾਕਾਰ ਵਜੋਂ ਦੱਸਦਿਆਂ ਉਹਨਾਂ ਦੀ ਰਚਨਾ ਦੀ ਤਾਰੀਫ ਕੀਤੀ ਤੇ ਨਾਲ ਹੀ ਉਹਨਾਂ ਨੂੰ ਦੂਸਰੇ ਲੇਖਕਾਂ ਦਾ ਉਤਸ਼ਾਹ ਵਧਾਉਣ ਵਾਲੀ ਗਲਪਕਾਰ ਕਰ ਵਜੋਂ ਦੱਸਿਆ। ਉਪਰੰਤ ਪ੍ਰਿੰਸੀਪਲ ਡਾ ਨਵਜੋਤ ਨੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਜਸਵੀਰ ਸਿੰਘ ਰਾਣਾ ਨੂੰ ਮਿਲੇ ਪੁਰਸਕਾਰ ਤੇ ਮੁਬਾਰਕਬਾਦ ਦਿੰਦਿਆਂ ਹੋਇਆਂ ਜਸਵੀਰ ਸਿੰਘ ਰਾਣਾ ਨੂੰ ਇੱਕ ਅਜਿਹੀ ਸ਼ਖਸੀਅਤ ਦੱਸਿਆ ਜਿੰਨਾ ਕੋਲ ਅਜਿਹਾ ਸ਼ਬਦ ਭੰਡਾਰ ਹੈ ,ਜੋ ਪਾਠਕਾਂ ਨੂੰ ਆਪਣੇ ਵੱਲ ਖਿੱਚਦਾ ਹੈ ਤੇ ਜਿਨਾਂ ਦਾ ਖੂਬਸੂਰਤ ਅੰਦਾਜ਼ ਅਲਫਾਜ਼ ਤੇ ਆਵਾਜ਼ ਹੈ। ਪ੍ਰੋਫੈਸਰ ਕੁਲਜੀਤ ਕੌਰ ਨੇ ਜਸਵੀਰ ਸਿੰਘ ਰਾਣਾ ਦੀ ਜ਼ਿੰਦਗੀ ਦੇ ਮੁੱਢਲੇ ਦਿਨਾਂ ਬਾਰੇ ਉਹਨਾਂ ਤੋਂ ਜਾਣਕਾਰੀ ਲੈਂਦਿਆਂ ਬਚਪਨ ਵਿੱਚ ਕਿਸ ਤੋਂ ਪ੍ਰੇਰਨਾ ਲਈ ਇਸ ਸਵਾਲ ਨਾਲ ਮੁਲਾਕਾਤ ਦਾ ਆਰੰਭ ਕੀਤਾ ਜਸਵੀਰ ਸਿੰਘ ਰਾਣਾ ਨੇ ਆਪਣੇ ਪਰਿਵਾਰਕ ਪਿਛੋਕੜ ਬਾਰੇ ਦੱਸਦਿਆਂ ਹੋਇਆਂ ਬਚਪਨ ਤੋਂ ਹੀ ਸਾਹਿਤ ਜਾਂ ਬਾਲ ਸਾਹਿਤ ਪੜ੍ਹਨ ਦੀ ਆਪਣੀ ਰੁਚੀ ਬਾਰੇ ਦੱਸਿਆ ਕਿ ਉਹ ਜੇਬ ਖਰਚੇ ਲਈ ਮਿਲੇ ਪੈਸਿਆਂ ਵਿੱਚੋਂ ਵੀ ਉਸ ਸਮੇਂ ਦੇ ਬਾਲਾਂ ਵਾਸਤੇ ਆਉਂਦੇ ਰਸਾਲੇ ਖਰੀਦ ਲੈਂਦੇ ਸਨ ।ਉਹ ਅੰਤਰਮੁਖੀ ਸਨ ਤੇ ਇਸ ਅੰਤਰ ਮੁਖਤਾ ਵਿੱਚੋਂ ਹੀ ਉਹਨਾਂ ਦੇ ਬਹੁਤ ਸਾਰੇ ਸਾਹਿਤਕ ਵਿਸ਼ੇ ਪੈਦਾ ਹੋਏ ।ਜਸਵੀਰ ਰਾਣਾ ਨੇ ਆਪਣੀ ਪਹਿਲੀ ਪੁਸਤਕ ਸਿਖਰ ਦੁਪਹਿਰਾ ਜੋ ਕਿ 2003 ਵਿੱਚ ਛਪੀ ਬਾਰੇ ਵੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਤੋਂ ਬਾਅਦ 'ਖਿੱਤੀਆਂ ਘੁੰਮ ਰਹੀਆਂ ਨੇ ' 'ਉਰਫ ਰੋਸ਼ੀ ਜਲਾਦ, ਬਿੱਲੀਆਂ ਅੱਖਾਂ ਦਾ ਜਾਦੂ,
ਮੈਂ ਤੇ ਮੇਰੀ ਖਾਮੋਸ਼ੀ ਇਥੋਂ ਰੇਗਿਸਤਾਨ ਦਿਖਦਾ ਹੈ ਮੇਰੀਆਂ ਬਾਲ ਕਹਾਣੀਆਂ 70% ਪ੍ਰੇਮ ਕਥਾ ਇਸ ਤੋਂ ਇਲਾਵਾ ਆਪਨੇ ਸੰਪਾਦਿਤ ਪੁਸਤਕਾਂ ਕਫਨ ਨੂੰ ਜੇਬ ਨਹੀਂ ਹੁੰਦੀ ਤੇ ਕਿੰਨਰਾਂ ਦਾ ਵੀ ਦਿਲ ਹੁੰਦਾ ਹੈ ਬਾਰੇ ਵੀ ਵਿਸਥਾਰ ਸਹਿਤ ਚਾਨਣ ਪਾਇਆ।ਹੁਣੇ ਹੁਣੇ ਆਏ ਆਪ ਦਾ ਨਾਵਲ 70 ਪ੍ਰੇਮ ਕਥਾ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਨਾਨਕ ਸਿੰਘ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ। ਜਸਵੀਰ ਸਿੰਘ ਰਾਣਾ ਨੇ ਆਪਣੇ ਰਚਨਾ ਪ੍ਰਕਿਰਿਆ ਦੇ ਬਾਰੇ ਬਹੁਤ  ਕਥਾ ਰਸ ਭਰਪੂਰ ਵਾਰਤਾਲਾਪ ਕੀਤੀ ਤੇ ਆਪਣੀਆਂ ਕਹਾਣੀਆਂ ਜਾਂ ਨਾਵਲਾਂ ਦੀ ਕਥਾ ਉਸਾਰੀ ਬਾਰੇ ਵਿਸਥਾਰ ਸਹਿਤ ਦੱਸਿਆ। ਉਹਨਾਂ ਨੇ ਦੱਸਿਆ ਕਿ ਉਹਨਾਂ ਨੂੰ ਬਚਪਨ ਤੋਂ ਹੀ ਜਾਸੂਸੀ ਨਾਵਲ ਪੜ੍ਹਨ ਦਾ ਸ਼ੌਂਕ ਸੀ ਜਿਸ ਦਾ ਅਚੇਤ ਤੌਰ ਤੇ ਪ੍ਰਭਾਵ ਉਹਨਾਂ ਦੀਆਂ ਕਹਾਣੀਆਂ ਵਿੱਚ ਵੇਖਿਆ ਜਾ ਸਕਦਾ ਹੈ।




ਇਹ ਵਰਨਣਯੋਗ ਹੈ ਕਿ ਜਸਬੀਰ ਸਿੰਘ ਰਾਣਾ ਦੀਆਂ ਬਹੁਤ ਸਾਰੀਆਂ ਕਹਾਣੀਆਂ ਪੰਜਾਬ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਦੇ ਸਿਲੇਬਸ ਵਿੱਚ ਲੱਗੀਆਂ ਹੋਈਆਂ ਹਨ। ਕਿੱਤੇ ਵਜੋਂ ਅਧਿਆਪਕ ਜਸਵੀਰ ਸਿੰਘ ਰਾਣਾ ਆਪਣੀਆਂ ਰਚਨਾਵਾਂ ਨਾਲ ਨਵੀਂ ਪੀੜੀ ਨੂੰ ਵੀ ਸਮਾਜਿਕ ਸਮੱਸਿਆਵਾਂ ਤੇ ਮਾਨਵੀ ਰਿਸ਼ਤਿਆਂ, ਬਾਰੇ ਹੋਰ ਚੇਤਨ ਕਰਨ ਵਾਲੇ ਵਿਸ਼ਿਆਂ ਬਾਰੇ ਆਪਣੀਆਂ ਕਹਾਣੀਆਂ ਰਾਹੀਂ ਜਾਣਕਾਰੀ ਦਿੰਦੇ ਹਨ। ਜਸਵੀਰ ਸਿੰਘ ਰਾਣਾ ਨੇ ਆਪਣੀ ਜ਼ਿੰਦਗੀ ਵਿੱਚ ਮਿਲੇ  ਵੱਖ ਵੱਖ ਸਨਮਾਨਾਂ ਦੀ ਉਹਨਾਂ ਦੀ ਨਜ਼ਰ ਵਿੱਚ ਕੀ ਮਹੱਤਤਾ ਹੈ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਹਨਾਂ ਨੇ ਆਪਣੀ ਰਚਨਾ ਵਿੱਚ ਆਪਣੇ ਪਰਿਵਾਰ ਦੇ ਯੋਗਦਾਨ ਦਾ ਵੀ ਜ਼ਿਕਰ ਕੀਤਾ। ਜਿਸ ਵਿੱਚ ਉਹਨਾਂ ਦੇ ਬੱਚਿਆਂ ਉਹਨਾਂ ਦੀ
ਪਤਨੀ ਤੇ ਹੋਰ ਪਰਿਵਾਰਕ ਮੈਂਬਰਾਂ ਨੇ ਹਮੇਸ਼ਾ ਉਹਨਾਂ ਦਾ ਉਤਸ਼ਾਹ ਵਧਾਇਆ । ਉਨ੍ਹਾਂ ਨੇ ਆਪਣੇ ਪਿਤਾ ਅਤੇ ਮਾਤਾ ਤੋਂ ਮਿਲੇ ਆਸ਼ੀਰਵਾਦ ਨੂੰ ਆਪਣੇ ਜੀਵਨ ਦਾ ਹਾਸਿਲ ਦੱਸਿਆ।ਉਹਨਾਂ ਨੇ ਹੁਣੇ ਹੁਣੇ ਆਈ ਆਪਣੀ ਪੁਸਤਕ ਲਤੀਫੇ ਤੋਂ ਬਾਅਦ ਡੇਗਦੇ ਹੰਝੂ  ਬਾਰੇ ਵੀ ਗੱਲ ਕੀਤੀ। ਉਹਨਾਂ ਨੇ ਆਪਣੀਆਂ ਕਹਾਣੀਆਂ ਦੇ ਪਾਤਰਾਂ ਦੀ ਸਿਰਜਣਾ ਕਰਨਾ ਬਾਰੇ ਬਹੁਤ ਹੀ ਰੋਚਕ ਢੰਗ ਨਾਲ ਦੱਸਿਆ। ਉਹਨਾਂ ਦੀਆਂ ਬਹੁਤ ਸਾਰੀਆਂ ਕਹਾਣੀਆਂ ਦੂਜੀਆਂ ਭਾਸ਼ਾਵਾਂ ਵਿੱਚ ਬੇਸ਼ਕ ਅਨੁਵਾਦ ਹੋ ਚੁੱਕੀਆਂ ਹਨ। ਪਰ ਉਹਨਾਂ ਨੂੰ ਵਧੇਰੇ ਹੁੰਗਾਰਾ ਪੰਜਾਬੀ ਪਾਠਕਾਂ ਵੱਲੋਂ ਹੀ ਮਿਲਿਆ । ਪ੍ਰੋ  ਕੁਲਜੀਤ ਕੌਰ ਨੇ ਜਸਵੀਰ ਸਿੰਘ ਰਾਣਾ ਨੂੰ ਉਹਨਾਂ ਦੀ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਅਜਿਹੀਆਂ ਯਾਦਾਂ ਤੇ ਅਨੁਭਵਾਂ ਬਾਰੇ ਪੁੱਛਿਆ ਜਿਨਾਂ ਦਾ ਪ੍ਰਭਾਵ ਰਾਣਾ ਜੀ ਦੀਆਂ ਕਹਾਣੀਆਂ ਉੱਪਰ ਵੀ ਵੇਖਿਆ ਜਾ ਸਕਦਾ ਹੈ। ਜਸਵੀਰ ਰਾਣਾ ਨੇ ਕਿਹਾ ਕਿ ਉਹ ਨਿਰੰਤਰ ਲਿਖਣ ਵਾਲੇ ਲੇਖਕ ਹਨ ਤੇ ਹਮੇਸ਼ਾ ਰੁਝੇ ਰਹਿਣਾ ਤੇ ਆਪਣੇ ਕੰਮ ਨਾਲ ਪਿਆਰ ਕਰਨਾ ਹੀ ਉਹਨਾਂ ਨੂੰ ਜ਼ਿੰਦਗੀ ਦਾ ਖੂਬਸੂਰਤ ਖੁਸ਼ੀ ਦੇਣ ਵਾਲੇ ਪਲ ਹਨ। ਉਹਨਾਂ ਨੇ ਆਪਣੀਆਂ ਭਵਿੱਖ ਦੀਆਂ ਯੋਜਨਾਵਾਂ ਬਾਰੇ ਵੀ ਦੱਸਿਆ ਕਿ ਅਨੇਕਾਂ ਵਿਸ਼ੇ ਹਾਲੇ ਉਹਨਾਂ ਦੀ ਕਲਮ ਵਿੱਚ ਆਉਣਗੇ ਤੇ ਉਹ ਸਾਹਿਤ ਰਚਨਾ ਨਾਲ ਇਸ ਤਰਾਂ ਹੀ ਕਰਮਸ਼ੀਲ ਰਹਿਣਗੇ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਅਸਿਸਟੈਂਟ ਪ੍ਰੋਫੈਸਰ ਡਾਕਟਰ ਬਲਜੀਤ ਕੌਰ ਰਿਆੜ ਨੇ ਕਿਹਾ ਕਿ ਜਸਵੀਰ ਸਿੰਘ ਰਾਣਾ ਗਲਪ ਕਾਰ ਹੈ। ਕੈਨੇਡੀਅਨ ਪੰਜਾਬੀ ਸਾਹਿਤ ਸਭਾ ਤੋਂ ਸ . ਮਲੂਕ ਸਿੰਘ ਕਾਹਲੋਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ । ਉਹਨਾਂ ਨੇ ਜਸਵੀਰ ਸਿੰਘ ਰਾਣਾ ਦੀਆਂ ਕਹਾਣੀਆਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੀਆਂ ਕਹਾਣੀਆਂ ਨੂੰ



ਮਾਨਵੀ ਸਰੋਕਾਰ ਅਤੇ ਸੰਵੇਦਨਾ ਭਰਪੂਰ ਦੱਸਿਆ। ਇਸ ਪ੍ਰੋਗਰਾਮ ਵਿੱਚ ਦੇਸ਼ ਵਿਦੇਸ਼ ਤੋਂ ਬਹੁਤ ਅਦਬੀ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ । ਪ੍ਰੋਗਰਾਮ ਦੇ ਅੰਤ ਵਿੱਚ ਚੇਅਰਮੈਨ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਸ੍ਰ ਪਿਆਰਾ ਸਿੰਘ ਕੁੱਦੋਵਾਲ ਨੇ ਬਹੁਤ ਹੀ ਸਾਰਥਕ ਵਿਚਾਰਾਂ ਨਾਲ ਪ੍ਰੋਗਰਾਮ ਨੂੰ ਸਮੇਟਿਆ। ਉਨ੍ਹਾਂ ਨੇ ਜਸਵੀਰ ਸਿੰਘ ਰਾਣਾ ਦੇ ਸਾਹਿਤਿਕ ਸਫਰ ਅਤੇ ਜੀਵਨ ਸਫ਼ਰ ਨੂੰ ਪੰਜਾਬੀ ਪਾਠਕਾਂ ਲਈ ਪ੍ਰਭਾਵਸ਼ਾਲੀ ਦੱਸਿਆ। ਉਹਨਾਂ ਦੱਸਿਆ ਕਿ ਜਸਵੀਰ ਸਿੰਘ ਰਾਣਾ ਅਜਿਹੇ ਗਲਪ ਕਾਰ ਹਨ ਜਿਨਾਂ ਨੂੰ ਤਿੰਨੇ ਪੀੜੀਆਂ ਹੀ ਪੜ੍ਹਦੀਆਂ ਹਨ । ਉਹਨਾਂ ਨੇ ਆਪਣੇ ਸਾਹਿਤਕ ਵਿਰਾਸਤ ਨੂੰ ਆਪਣੀ ਬੱਚਿਆਂ ਤੱਕ ਵੀ ਪਹੁੰਚਾਇਆ ਹੈ। ਇਹ ਵੀ ਉਹਨਾਂ ਦੀ ਵੱਡੀ ਪ੍ਰਾਪਤੀ ਹੈ ਜਸਵੀਰ ਸਿੰਘ ਰਾਣਾ ਦੇ ਕਥਾ ਸੰਸਾਰ ਬਾਰੇ ਉਹਨਾਂ ਨੇ ਦੱਸਿਆ ਕਿ ਉਹਨਾਂ ਨੇ ਬਹੁਤ ਸਾਰੀਆਂ ਕਹਾਣੀਆਂ ਉਹਨਾਂ ਦੀਆਂ ਪੜੀਆਂ ਹਨ ਜਿਨਾਂ ਵਿੱਚ ਅਣਗੌਲੇ ਲੋਕਾਂ ਨੂੰ ਵੀ ਪਾਤਰਾਂ ਦੇ ਤੌਰ ਤੇ ਪੇਸ਼ ਕੀਤਾ ਹੈ। ਤੇ ਜਸਵੀਰ ਸਿੰਘ ਰਾਣਾ ਨੂੰ ਪਹਿਲੀ ਵਾਰ ਇਸ ਮੁਲਾਕਾਤ ਦੇ ਵਿੱਚ ਮਿਲਣ ਤੇ ਉਹ ਉਹਨਾਂ ਦੇ ਸ਼ਬਦਾਂ ਦੇ ਕਾਇਲ ਹੋ ਗਏ ਹਨ ਜਿਨਾਂ ਵਿੱਚ ਕੋਈ ਬਣਾਵਟ ਨਹੀਂ ਹੈ ।ਸਗੋਂ ਉਹ ਬਹੁਤ ਹੀ ਸਹਿਜਤਾ ਨਾਲ ਆਪਣੇ ਦਰਸ਼ਕਾਂ ਅਤੇ ਪਾਠਕਾਂ ਦੇ ਰੂਬਰੂ ਹੋਏ ਹਨ। ਉਹਨਾਂ ਨੇ ਜਸਵੀਰ ਰਾਣਾ ਦਾ ਧੰਨਵਾਦ ਕੀਤਾ ।ਰਮਿੰਦਰ ਰੰਮੀ ਦੇ ਯਤਨਾਂ ਨੂੰ ਵੀ ਅਰਥ ਭਰਪੂਰ ਦੱਸਿਆ ਜਿਸ ਕਾਰਨ ਏਨੇ ਵਧੀਆ ਸਾਹਿਤਕਾਰ ਨਾਲ ਮਿਲਣ ਦਾ ਮੌਕਾ ਮਿਲਿਆ ।

ਅੰਤ ਵਿੱਚ ਰਮਿੰਦਰ ਰੰਮੀ ਨੇ ਆਏ ਹੋਏ ਸਾਰੇ ਦਰਸ਼ਕਾਂ ਦਾ ਅਤੇ ਮੁੱਖ ਮਹਿਮਾਨ ਦਾ ਧੰਨਵਾਦ ਵੀ ਕੀਤਾ ।

ਰਮਿੰਦਰ ਰੰਮੀ ਨੇ ਕਿਹਾ ਕਿ :-

" ਤੁਸੀਂ ਘਰ ਅਸਾਡੇ ਆਏ ਅਸੀਂ ਫੁੱਲੇ ਨਹੀਂ ਸਮਾਏ "

ਧੰਨਵਾਦ ਸਹਿਤ । ਇਹ ਰਿਪੋਰਟ ਪ੍ਰੋ. ਕੁਲਜੀਤ ਕੌਰ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ ।

**ਰਮਿੰਦਰ ਰੰਮੀ ਫ਼ਾਊਂਡਰ ਤੇ ਪ੍ਰਬੰਧਕ ,**
**ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ।**

# ਸਿੱਖ ਧਰਮ ਦੇ ਬਾਨੀ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਲੈਸਟਰ ਦੇ ਗੁਰੂ ਨਾਨਕ ਗੁਰਦਵਾਰਾ ਸਾਹਿਬ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ

**ਸਮਾਜ ਵੀਕਲੀ ਯੂ ਕੇ**







ਲੈਸਟਰ- ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਗੁਰ-ਪੁਰਬ ਦੀ ਖੁਸ਼ੀ ਵਿੱਚ ਗੁਰੂ ਨਾਨਕ ਗੁਰਦਵਾਰਾ 9 ਹੋਲੀ ਬੋਨਜ ਲੈਸਟਰ ਵਿਖੇ ਸੋਮਵਾਰ 3 ਨਵੰਬਰ ਨੂੰ ਸਵੇਰੇ 11 ਵਜੇ ਸ੍ਰੀ ਅਖੰਡ ਪਾਠ ਸਮੇਤ ਜਪੁਜੀ ਸਾਹਿਬ ਅਰੰਭ ਕੀਤੇ ਗਏ ਜਿਨ੍ਹਾ ਦੇ ਭੋਗ ਗੁਰਪੁਰਬ ਵਾਲੇ ਦਿੰਨ ਬੁਧਵਾਰ 5 ਨਵੰਬਰ ਨੂੰ ਸਵੇਰੇ 10 ਵਜੇ ਪਾਏ ਗਏ। ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਸੰਗਤ ਜੀ ਨੂੰ ਹੁਕਮਨਾਮਾ ਸਰਵਣ ਕਰਵਾਇਆ ਗਿਆ। ਗੁਰੂ ਨਾਨਕ ਦੇ ਪਿਤਾ ਦਾ ਨਾਮ ਸ੍ਰੀ ਕਲਿਆਣ ਦਾਸ ਜੀ ਅਤੇ ਮਾਤਾ ਜੀ ਦਾ ਨਾਮ ਮਾਤਾ ਤ੍ਰਿਪਤਾ ਜੀ ਸਨ ਅਤੇ ਉਨ੍ਹਾ ਦਾ ਪ੍ਰਕਾਸ਼ ਅਸਥਾਨ ਰਾਏ ਭੋਏ ਦੀ ਤਲਵੰਡੀ ਜੋ ਅੱਜ ਨਨਕਾਣਾ ਸਾਹਿਬ ਪਾਕਿਸਤਾਨ 'ਚ ਸਥਿੱਤ ਹੈ। ਪ੍ਰਕਾਸ਼ ਦਾ ਸਾਲ 1469 ਅਤੇ ਉਨ੍ਹਾਂ ਦੀ ਸਪੁੱਤਨੀ ਸੁਲੱਖਣੀ ਜੀ ਸਨ। ਗੁਰੂ ਨਾਨਕ ਦੀ ਸੰਤਾਨ ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲੱਖਮੀ ਦਾਸ ਜੀ ਸਨ ਅਤੇ ਗੁਰੂ ਜੀ ਨੇ ਕਰਤਾਰਪੁਰ ਪਵਿੱਤਰ ਨਗਰ ਵਸਾਇਆ ਜੋ ਅੱਜ ਰਾਵੀ ਦੇ ਕੰਢੇ ਪਾਕਿਸਤਾਨ ਵਿੱਚ ਹੈ। ਜੋਤੀ ਜੋਤ ਸਮਾਉਣ ਸਮੇ ਉਹ 70 ਸਾਲ ਦੇ ਸਨ। ਜਗਤ ਗੁਰੂ ਬਾਬਾ ਨਾਨਕ ਨੇ ਜਪੁ, ਸਿੱਧ ਗੋਸ਼ਟ, ਸੋਦਰ, ਸੋਹਿਲਾ, ਆਰਤੀ, ਰਾਮਕਲੀ, ਦੱਖਣੀ ਓਅੰਕਾਰ, ਆਸਾ ਦੀ ਵਾਰ, ਮਲ੍ਹਾਰ ਤੇ ਮਾਝ ਦੀ ਵਾਰ, ਪਟੀ, ਬਾਰਹ ਮਾਹਾ ਗੁਰਬਾਣੀ ਰਚੀ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਨਾਨਕ ਜੀ ਦੇ ਕੁੱਲ 947 ਸ਼ਬਦ 19 ਰਾਗਾਂ ਵਿੱਚ ਦਰਜ ਹਨ। ਤਕਰੀਬਨ 10.45 ਵਜੇ ਸਵੇਰੇ ਗੁਰ-ਦਵਾਰਾ ਸਾਹਿਬ ਜੀ ਦੇ ਹਜ਼ੂਰੀ ਜੱਥੇ ਨੇ ਸੰਗਤਾਂ ਨੂੰ ਨਿਰੋਲ ਕੀਰਤਨ ਨਾਲ ਨਿਹਾਲ ਕੀਤਾ। ਜਿਸ ਤੋਂ ਬਾਅਦ ਕਥਾਵਾਚਕ, ਕਵਿਸ਼ਰੀ ਅਤੇ ਢਾਡੀ ਜੱਥੇ ਅਤੇ ਵੱਖ ਵੱਖ ਬੁਲਾਰਿਆਂ ਨੇ ਸਾਰਾ ਦਿੰਨ ਰਾਤ ਦੇ 7.45 ਤੱਕ ਗੁਰੂ ਜੀ ਦੇ ਜੀਵਨ ਅਤੇ ਸਿੱਖਿਆਵਾਂ ਤੋਂ ਜਾਣੂ ਕਰਵਾਇਆ। ਅਤੇ ਰਾਤ ਦੇ 8 ਵਜੇ ਬਾਬਾ ਨਾਨਕ ਜੀ ਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿੱਚ ਆਤਸ਼ਵਾਜੀ ਦਾ ਪ੍ਰਬੰਧ ਕੀਤਾ ਗਿਆ ਜਿਸ ਦਾ ਛੋਟੇ ਬੱਚਿਆਂ ਅਤੇ ਸੱਭ ਨੇ ਅਨੰਦ ਲਿਆ। 3,4,5 ਨਵੰਬਰ ਤਿੰਨੇ ਦਿੰਨ ਗੁਰੂ ਜੀ ਦੀਆਂ ਪਿਆਰੀਆਂ ਸੰਗਤਾਂ ਨੇ ਤਨ ਮਨ ਧੰਨ ਨਾਲ ਸੇਵਾਵਾਂ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਗੁਰਦਵਾਰਾ ਸਾਹਿਬ ਜੀ ਦੇ ਮੁੱਖ ਸੇਵਾਦਾਰ ਅਜਮੇਰ ਸਿੰਘ ਬਸਰਾ ਜੋ ਕਿ 40 ਸਾਲਾਂ ਤੋਂ ਲੈਸਟਰ ਵਿਖੇ ਸਿੱਖ ਸੰਗਤਾਂ ਦੀ ਸੇਵਾ ਕਰ ਰਹੇ ਹਨ ਜੀ ਨੇ ਸਟੇਜ ਤੋਂ ਬੋਲਦਿਆਂ ਸਾਰੇ ਹੀ ਸੰਸਾਰ ਨੂੰ ਲੱਖ ਲੱਖ ਵਧਾਈਆਂ ਦਿੱਤੀਆਂ। ਉਨ੍ਹਾ ਨੇ ਖਾਸ ਕਰਕੇ ਬੀਬੀਆ ਦਾ ਧੰਨਵਾਦ ਕੀਤਾ ਜਿਨ੍ਹਾ ਨੇ ਤਿੰਨੇ ਦਿੰਨ ਪ੍ਰਸ਼ਾਦੇ ਪਕਾਉਣ ਅਤੇ ਗੁਰੂ ਕਾ ਲੰਗਰ ਤਿਆਰ ਕਰਨ ਦੀ ਸੇਵਾ ਕੀਤੀ। ਅਜਮੇਰ ਸਿੰਘ ਜੀ ਨੇ ਸਵੇਰੇ 8 ਵਜੇ ਨਿਸ਼ਾਨ ਸਾਹਿਬ ਜੀ ਦੀ ਸਮੇ ਪੰਜ ਪਿਆਰਿਆਂ ਅਤੇ ਉਸ ਸਮੇ ਆਈ ਸੰਗਤ ਦਾ ਖਾਸ ਧੰਨਵਾਦ ਕੀਤਾ। ਉਨ੍ਹਾ ਨੇ ਸਾਰੇ ਹੀ ਸੇਵਾਦਾਰਾਂ ਅਤੇ ਸਿਹਯੋਗੀਆ ਦਾ ਧੰਨਵਾਦ ਕੀਤਾ ਅਤੇ ਆਸ ਰੱਖੀ ਕਿ ਐਤਵਾਰ 16 ਨਵੰਬਰ ਨੂੰ ਗੁਰੂ ਨਾਨਕ ਗੁਰਦਵਾਰਾ ਤੋਂ ਅਰੰਭ ਹੋ ਰਹੇ ਸਲਾਨਾ ਨਗਰ ਕੀਰਤਨ ਵਿੱਚ ਵੀ ਸਾਰੇ ਸਿਹਯੋਗ ਦੇ ਕੇ ਅਤੇ ਸੇਵਾ ਕਰਕੇ ਆਪਣੇ ਜੀਵਨ ਦੀਆਂ ਘੜੀਆਂ ਸਫਲ ਕਰਨਗੇ।







# ਅੰਮ੍ਰਿਤਧਾਰੀ ਸਿੱਖ ਤਰਲੋਚਨ ਸਿੰਘ ਦਾ ਗੁਰੂ ਕਾਸ਼ੀ ਯੂਨਿਵਰਸਿਟੀ ਵਿਖੇ ਮਾਂ-ਬੋਲੀ ਪੰਜਾਬੀ ਅਤੇ ਸਿਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵਾਈਸ ਚੈਂਸਲਰ ਵਲੋਂ ਸਨਮਾਨ



**ਸਮਾਜ ਵੀਕਲੀ ਯੂ ਕੇ**

ਸਿੱਖ ਧਰਮ ਅਤੇ ਮਾਂ=ਬੋਲੀ ਪੰਜਾਬੀ ਨੂੰ ਸ਼ਰਧਾ ਭਾਵਨਾ ਪਿਆਰ ਨਾਲ ਪਾਣੀ ਪਾਉਂਦੇ ਰਹਿੰਦੇ ਹਨ ਵਿਰਕ ਪੰਜਾਬੀ ਲਿਸਨਰਜ ਕਲੱਬ ਦੇ ਸੰਚਾਲਕ ਅੰਮ੍ਰਿਤਧਾਰੀ ਸਿੱਖ ਤਰਲੋਚਨ ਸਿੰਘ ਵਿਰਕ ਦਾ ਸਿੱਖ ਧਰਮ ਅਤੇ ਮਾਂ-ਬੋਲੀ ਪੰਜਾਬੀ ਲਈ 30 ਸਾਲਾਂ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਗੁਰੂ ਕਾਸ਼ੀ ਯੂਨਿਵਰਸਿਟੀ, ਬਠਿੰਡਾ, ਪੰਜਾਬ, ਇੰਡੀਆ ਵਿਖੇ 15 ਅਕਤੂਬਰ ਨੂੰ ਸਨਮਾਨ ਕੀਤਾ ਗਿਆ। ਬੀਬੀਸੀ ਰੇਡੀਓ ਲੈਸਟਰ ਦੇ ਪੰਜਾਬੀ ਪ੍ਰੋਗਰਾਮ ਦੇ ਤੀਸਰੀ ਵਰੇਗੰਢ 9 ਸਤੰਬਰ 1995 ਨੂੰ ਅਰੰਭ ਹੋਇਆ ਪੰਜਾਬੀ ਲਿਸਨਰਜ ਕਲੱਬ ਨੇ ਆਪਣੀ ਪਹਿੱਲੀ ਵਰੇਗੰਢ ਸਮੇ ਲੈਸਟਰ ਦੇ ਪ੍ਰਸਿੱਧ ਗੁਰੂ ਨਾਨਕ ਗੁਰਦਵਾਰਾ ਵਿਖੇ ਦੇਗ ਅਤੇ ਗੁਰੂ ਕੇ ਲੰਗਰ ਦੀ ਸੇਵਾ ਕਰਕੇ ਮਨਾਈ। ਇਸ ਸਮੇ ਪੰਜਾਬੀ ਸਕੂਲ ਦੇ 100 ਵਿਦਆਥੀਆਂ ਵਿਚੋਂ ਸੱਭ ਤੋਂ ਛੋਟੀ ਉਮਰ ਦੀ ਬੱਚੀ ਨੇ ਬੀਬੀਸੀ ਰੇਡੀਓ ਲੈਸਟਰ ਦੈ ਪੰਜਾਬੀ ਪ੍ਰੋਗਰਾਮ ਦੀ ਪੇਸ਼ ਕਰਤਾ ਗੁਰਪ੍ਰੀਤ ਕੋਰ ਜੀ ਨੂੰ ਸਟੇਜ ਤੇ ਸ਼ਾਨਦਾਰ ਟਰੋਫੀ ਨਾਲ ਸਨਮਾਨਿੱਤ ਕੀਤਾ।



ਇਹ ਰੇਡੀਓ ਪ੍ਰੋਗਰਾਮ ਸਿੱਖ ਧਰਮ, ਸਿੱਖ ਇਤਿਹਾਸ, ਪੰਜਾਬੀ ਸਾਹਿਤ, ਅਤੇ ਸਮਾਜ ਨਾਲ ਜੋੜਨ ਵਿੱਚ ਮਿਡਲੈਂਡ ਦੇ ਕਵੈਂਟਰੀ, ਡਰਬੀ, ਨੋਰਥੈਂਪਟੰਨ, ਨੌਟਿੰਘਮ, ਪੀਟਰਬੋਰੋ, ਬਰਮਿੰਘੰਮ ਅਤੇ ਵੌਲਵਰਹੈਂਪਟੰਨ ਸ਼ਹਿਰਾਂ ਵਿੱਚ ਬਹੁੱਤ ਸ਼ਰਧਾ ਭਾਵਨਾ ਨਾਲ ਸੁਣਿਆ ਜਾਂਦਾ ਸੀ ਅਤੇ ਸਰੋਤੇ ਚਿੱਠੀਆਂ ਰਾਹੀਂ ਆਪਣੇ ਵਿਚਾਰ, ਕਹਾਣੀਆਂ, ਕਵਿੱਤਾ, ਗੀਤ ਲਿਖ ਕੇ ਭੇਜਦੇ ਹੁੰਦੇ ਸਨ ਅਤੇ ਬੇ-ਹੱਦ ਖੁਸ਼ੀ ਮਿਹਸੂਸ ਕਰਦੇ ਹੁੰਦੇ ਸਨ ਜਦੋਂ ਉਨ੍ਹਾ ਦੇ ਸੁਨੇਹੇ ਗੀਤ ਪੇਸ਼ ਕੀਤੇ ਜਾਂਦੇ ਸਨ।

ਵਾਹਿਗੁਰੂ ਜੀ ਦੀ ਕਿਰਪਾ ਨਾਲ ਪੰਜਾਬੀ ਲਿਸਨਰਜ ਕਲੱਬ ਨੇ ਹੇਠ ਲਿਖੇ ਸਮਾਗਮਾਂ ਦਾ ਪ੍ਰਬੰਧ ਕੀਤਾ:



ਬਰਤਾਨੀਆ ਓਤੇ ਪੰਜਾਬ ਵਿੱਚ 7-18 ਸਾਲ ਦੇ ਬੱਚਿਆਂ ਲਈ ਦਸਤਾਰ ਸਜਾਉਣ ਦੇ ਮੁਕਾਬਲੇ।

ਪੰਜਾਬ ਅਤੇ ਬਰਤਾਨੀਆ ਵਿਖੇ ਸਕੂਲ ਦੇ ਵਿਦਆਰਥੀਆਂ ਦੇ ਪੰਜਾਬੀ ਲਿਖਣ ਦੇ ਮੁਕਾਬਲੇ ਜਿਸ ਵਿੱਚ 350 ਬੱਚਿਆਂ ਨੇ ਹਿੱਸਾ ਲਿਆ।

ਸਿੱਖਾਂ ਦੀ ਦੁਨੀਆ ਦੇ ਯੰਗਾਂ ਵਿੱਚ ਯੋਗਦਾਨ ਦੀ ਪ੍ਰਦਰਸ਼ਨੀ ਲੰਡਨ ਯੂਨਿਵਰਸਿਟੀ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਸੋਨੇ ਦੀ ਕੁਰਸੀ। ਯਾਤਰਾ ਸਿੱਖ ਨੈਸਨਲ ਅਜਾਇਬ ਘਰ ਡਰਬੀ।

ਸਲਾਨਾ ਅੰਤਰਾਸ਼ਟਰੀ ਮਾਂ-ਬੋਲੀ ਦਿਵਸ ਜਿੱਸ ਵਿੱਚ 2023 ਫਰਵਰੀ ਨੂੰ ਮੁੱਖ ਸਮਾਗਮ ਤ ਂਕਿ ਸੰਗਤ ਆਪਣੀ ਸਿਹਤ ਦਾ ਹੋਰ ਵੀ ਜਿਅਦਾ ਸਹੀ ਖਿਆਲ ਰੱਖ ਸਕਣ।

101 ਨਿਤਨੇਮ ਗੁਟਕਾ ਸਾਹਿਬ ਜੀ ਦੇ ਲੈਸਟਰ ਦੇ ਹਸਪਤਾਲਾਂ ਨੂੰ ਦਾਨ ਤਾਂ ਕਿ ਸਿੱਖ ਸੰਗਤਾਂ ਔਖੇ ਵੇਲੇ ਵਾਹਿਗੁਰੂ ਜੀ ਦਾ ਆਸਰਾ ਲੈ ਸਕਣ।

ਕੁੱਝ ਖਾਸ ਸਮਾਗਮ ਜਿਨ੍ਹਾ ਦਾ ਕਲੱਬ ਨੇ ਪ੍ਰਬੰਧ ਕੀਤਾ:

410ਵੇਂ ਵਰੇਗੰਢ ਪਹਿਲੇ ਪ੍ਰਕਾਸ਼ ਜੀ ਦੀ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, ਵਿਖੈ ਸਥਾਪਨਾ ਗੁਰੂ ਤੇਗ ਬਹਾਦਰ ਗੁਰਦਵਾਰਾ ਸਾਹਿਬ ਵਿਖੇ ਜਿਸ ਸਮੇ ਲੈਸਟਰ ਦੇ ਪਹਿਲੇ ਗੁਰਦਵਾਰਾ ਸਾਹਿਬ ਦੇ ਮੁੱਖ ਸੇਵਾਦਾਰ ਦਾ ਦਰਬਾਰ ਸਾਹਿਬ ਦੇ ਮੌਡਲ ਨਾਲ ਸਨਮਾਨ ਕੀਤਾ ਗਿਆ ਅਤੇ 6



ਸਨਮਾਨ ਕੀਤਾ ਗਿਆ।

ਪੰਜਾਬ ਯੁਨਾਟਿੱਡ ਡਰਬੀ ਅੰਡਰ 13 ਅਤੇ ਜੀ ਐਂ ਜੀ ਲੈਸਟਰ ਅੰਡਰ 9 ਫੁਟਬਾਲ ਟੀਮਾਂ ਦਾ

ਡਰਬੀ ਅਤੇ ਲੈਸਟਰ ਦੇ ਗੁਰਦਵਾਰਾ ਸਾਹਿਬ ਵਿਖੇ ਸਨਮਾਨ ਜਿਨਾਂ ਨੇ ਗਰਮੀਆਂ ਦੀਆਂ ਛੁਟੀਆਂ ਦੀਆਂ ਰਾਸ਼ਟਰੀ ਫੁਟਬਾਲ ਟੂਰਨਮੈਂਟਾਂ ਦੀਆਂ ਸਾਰੀਆਂ ਪੰਜ ਟੂਰਨਾਮੈਂਟ ਜਿਤੀਆਂ

ਫੁੱਟਬਾਲ ਖੇਡ ਦੇ ਪ੍ਰੇਮੀ ਹਨ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਡਾ: ਸੁਰਜੀਤ ਪਾਤਰ ਦੀ ਹਾਜਰੀ ਵਿੱਚ ਸਨਮਾਨ ਕੀਤਾ ਗਿਆ।ਪੰਜਾਬੀ ਇੰਨ ਬਰਿਟੰਨ ਆਲ ਪਾਰਲੀਅਮੈਂਟਰੀ ਗਰੁੱਪ ਵਲੋਂ ਹਾਉਸ ਔਫ ਕੌਮਨਜ ਲੰਡਨ ਵਿਖੇ ਸਨਮਾਨ

ਰਾਣੀ ਇਲਾਜਾਬੈਥ ਨੂੰ ਮਿਲਣ ਲਈ ਚੁਣਿਆ ਗਿਆ ਜਦੋਂ ਉਹ ਆਪਣਾ ਗੋਲਡਨ ਜੂਬਲੀ ਸਮੇ ਲੈਸਟਰ ਆਏ ਸਨ 2001 ਨੂੰ



ਮਿਹਮਾਨ ਰਾਜਾ ਚਾਰਲਜ ਦੇ ਲੈਸਟਰਸ਼ਾਇਰ ਦੇ ਨੁਮਾਉਂਦੇ ਲੁਧਿਆਣੇ ਸ਼ਹਿਰ ਦੇ ਰਹਿਣ ਵਾਲੇ ਲੋਰਡ ਲਿਉਟੈਂਨਟ ਔਫ ਲੈਸਟਰਸ਼ਾਇਰ ਮਾਈਕ ਕਾਪੂਰ ਜੋ ਇਸ ਸੇਵਾ ਦੇ ਲੈਸਟਰਸ਼ਾਇਰ ਦੇ ਪਹਿਲੇ ਪ ੰ ਜ ਾ ਬ ੀ ਹਨ। ਲਾਇਬਰੇਰੀਆਂ, ਸਕੂਲਾਂ, ਕੌਉਨਿਟੀ ਸੈਂਟਰਾਂ ਅਤੇ ਵੱਖ ਵੱਖ ਗੁਰਦਵਾਰਾ ਸਾਹਿਬ ਵਿਖੇ ਸਮਾਗਮ ਕਰਾਉਣੇ।

ਓਵਡੇਲ ਪੰਜਾਬੀ ਸਕੂਲ ਦੀ ਸਥਾਪਨਾ।

ਗੌਵਰਮਿੰਟ ਸਕੂਲਾਂ ਦੇ ਵਿਦਿਆਰਥੀਆਂ, ਕੱਬਜ, ਸਕਾਉਟ ਅਤੇ ਹੋਰਨਾ ਧਰਮਾ ਦੀ ਸੰਗਤਾਂ ਲਈ ਗੁਰਦਵਾਰਾ ਸਾਹਿਬ ਦੀ ਯਾਤਰਾ ਦਾ ਪ੍ਰਬੰਧ।

ਗੁਰਦਵਾਰਾ ਸਾਹਿਬ ਵਿਖੇ ਸਿਹਤ ਸਬੰਧੀ

ਸਾਲ ਦੇ ਮਨਸੁਖਪ੍ਰੀਤ ਕੋਰ ਖਾਲਸਾ ਜੀ ਦਾ 24 ਕੈਰਟ ਸੋਨੇ ਦੇ ਖੰਡੇ ਨਾਲ ਸਨਮਾਨ ਕੀਤਾ ਗਿਆ ਜਿਸ ਤੇ ਵਾਹਿਗੁਰੂ ਜੀ ਦੀ ਅਪਾਰ ਕਿਰਪਾ ਸਦਕਾ ਉਨਾ ਨੇ ਸਾਹਿਜ ਪਾਠ ਪੂਰਾ ਕਰ ਲਿਆ ਜਿਸ ਦਾ ਭੋਗ ਮੰਜੀ ਸਾਹਿਬ ਗੁਰ-ਦਵਾਰਾ ਸ੍ਰੀ ਅੰਮ੍ਰਿਤਸਰ ਵਿਖੇ ਪਾਇਆ ਗਿਆ।

ਕਲੱਬ ਦੀ 20ਵੀਨ ਅਤੇ 30ਵੀਂ ਵਰੇਗੰਢ ਸਮੇ ਰਾਸ਼ਟਰੀ ਮਾ-ਬੋਲੀ ਪੰਜਾਬੀ ਸੈਮੀਨਾਰ ਕਰਵਾਏ

ਸਥਾਨਿੱਕ ਵਪਾਰਿੱਕ ਕੌਮਉਨਿਟੀ ਲਈ ਡਿਨਰ ਜਿਸ ਸਮੇ ਨਰਿੰਦਰ ਸਿੰਘ ਨੰਦਾ ਪ੍ਰਧਾਨ ਹੋਟਿਲਜ ਅਤੇ ਰੈਸਟਰੌਂਟ ਮੁੱਖ ਮਿਹਮਾਨ ਸਨ ਅਤੇ ਗੁਰਜੀਤ ਕੌਰ ਬੈਂਸ ਜੀ ਈਸਟਰਨ ਮੀਡੀਆ ਗਰੁੱਪ ਦਾ ਬਰਮਿੰਘਮ ਵਿਚੋਂ ਬਹੁੱਤ ਕਾਮਯਾਬ ਔਰਤ ਕਾਰਨ



ਪਿਛਲੇ 30 ਸਾਲਾਂ ਵਿੱਚ ਇਸ ਕਲੱਬ ਨੇ ਹਜਾਰਾਂ ਹੀ ਪੌਂਡ ਯੂ ਕੇ ਦੀਆਂ ਚੈਰਿਟੀਆਂ ਲਈ ਦਾਨ ਕੀਤੇ ਜਿਵੇਂ ਚਿਲਡਰਨ ਇਨ ਨੀਡ, ਵਿਸ਼ਸ਼4ਕਿਡਜ, ਅਲਜ਼ਾਇਮਰਜ ਸੋਸਾਇਟੀ, ਬਰਿਟਸ਼ ਹਾਰਟ ਫਾਂਉਡੇਸ਼ਨ, ਰੋਕੋ ਕੈਨਸਰ, ਲੋਰਡ ਮੇਅਰ ਔਫ ਲੈਸਟਰ ਦੀਆਂ ਚੈਰਿਟੀਆਂ, ਲੋਰੋਸ ਹੌਸਪਿਸ, ਖਾਲਸਾ ਏਡ ਇੰਟਰਨੈਸ਼ਨਲ।

ਪੰਜਾਬੀ ਲਿਸਨਰਜ ਕਲੱਬ ਨੇ ਜਿੰਦਗੀ ਭਰ ਦੀਆਂ ਦਾਇਨਾਮ ਚੰਨੀ ਸਿਘ ਅਲਾਪ {ਓਬੀਈ}, ਗਿਆਨੀ ਬਲਵਿੰਦਰ ਸਿੰਘ ਰੰਗੀਲਾ ਅਤੇ ਡਾ: ਜਗਤ ਸਿੰਘ ਨਾਗਰਾ ਜੀ ਨੂੰ ਪੇਸ਼ ਕੀਤਾ।

ਕਵੀ, ਲੇਖਕ ਤਰਲੋਚਨ ਸਿੰਘ ਵਿਰਕ ਜੋ ਯੂ ਕੇ ਦੇ ਸਿੱਖਾਂ ਦੇ ਹੱਕਾਂ ਲਈ ਐਥਨਿੱਨ ਮੌਨਿਟਰਿੰਗ ਦੇ ਸਬੰਧ ਲਈ ਪਰਾਈਮ ਮਿਨਸਟਰ ਦੀ ਰਿਹਾਇਸ਼ 10 ਡਾਉਨਿੰਗ ਸਟਰੀਟ ਜਾਣ ਲਈ ਚੁਣੇ ਜਾਣਾ

6ਵੇਂ ਸਿੱਖ ਐਮੈਰੀਕਨ ਹੈਰੀਟੇਜ ਡਿਨਰ ਲਈ ਵਾਈਟ ਹਾਊਸ, ਕੈਪੀਟਲ ਹਿੱਲ, ਵਾਸ਼ਿੰਗਟੰਨ, ਡੀ ਸੀ , ਯੂ ਐਸ ਏ 2009 ਨੂੰ ਬੁਲਾਇਆ ਗਿਆ

ਵਿਰਕ ਜੀ ਦੇ ਤਖਤ ਸ੍ਰੀ ਦਮ ਦਮਾ ਸਾਹਿਬ {ਗੁਰੂ ਕਾਸ਼ੀ} ਯਾਤਰਾ ਸਮੇ ਉਨ੍ਹਾ ਨੇ ਗੁਰਦ-ਵਾਰਾ ਲਿਖਣਸਾਰ ਪਾਤਸ਼ਾਹੀ 10ਵੀਂ, ਮੰਜੀ ਸਾਹਿਬ ਪਾਤਸ਼ਾਹੀ 9ਵੀਂ, ਗੁਰਦਵਾਰਾ ਸ੍ਰੀ ਦਮ ਦਮਾ ਸਾਹਿਬ ਪਾਤਸ਼ਾਹੀ 10ਵੀਂ ਦੇ ਦਰਸ਼ਨ ਕੀਤੇ।



# BUDDHA DHAMMA ASSOCIATION

Cordially invites you, your family, and friends
to a Special Gathering to warmly welcome

## Mr. Mohinder Sallan & Mrs. Sujata Sallan

(Younger daughter of the Late Shri L. R. Balley Ji)





**Venue:** Ambedkar Hall, 12 Featherstone Road, Southall, UB2 SAA (Rear Entrance)

**Date:** Sunday, 16th November 2025

**Time:** 6:30 PM Sharp

Let us come together to extend our heartfelt welcome
and to honour the inspiring legacy of

## Late Shri L. R. Balley Ji

a devoted follower of Babasaheb Dr. B. R. Ambedkar's Misssion
and the Buddha Dhamma

C. Gautam – 07956 918053 Dr. Jagdish Gaware – +44 7904 909181

# Reject Manusmriti, Save the Constitution



## Join us to...
## March against Caste Discrimination
## &
## Attack on Constitutional Rights in India

"We are not born to suffer indignity-
We are born to live with equality and dignity"
- Dr. B.R. Ambedkar





**Date**
Sunday, November 9, 2025
**Time**
11 am (sharp)
**Assembly Point**
Sherborne Subway, Toronto

## Demand justice for
## Chief Justice of India & Y Puran Kumar IPS

Jointly Organized by

SADAN | CCIM | CID | JAMHOOR | CFHRDI

Ambedkar International Mission Toronto | Ambedkar Mission Scarborough

Sri Guru Ravidass Sabha, Ontario | Bhagwan Valmiki Maharaj Sabha, Ontario

Forum for Anti- Caste Activism at the University of Toronto (FACT)

Samaj Weekly

# ਸਮਾਜ ਵੀਕਲੀ

Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## +44 7878 456484

email:-Samajweekly@gmail.com